# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 15 ਅਪ੍ਰੈਲ 2024 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਵਿਸਾਖੀ ‘ਤੇ ਸਜਾਇਆ ਗਿਆ ਵਿਸ਼ਾਲ ਨਗਰ ਕੀਰਤਨ

### 2 ਲੱਖ ਦੇ ਕਰੀਬ ਸਰਧਾਲੂਆਂ ਨੇ ਸ਼ਾਮਲ ਹੋ ਕੇ ਨਗਰ ਕੀਰਤਨ ਦੀ ਸ਼ੋਭਾ ਵਧਾਈ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 15 ਅਪ੍ਰੈਲ : ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਵੱਲੋਂ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੇ ਪਵਿੱਤਰ ਮੌਕੇ ‘ਤੇ ਵਿਸ਼ਾਲ ਨਗਰ ਕੀਤਰਨ ਸਜਾਇਆ ਗਿਆ। ਨਗਰ ਕੀਰਤਨ ਵਿਚ 2 ਲੱਖ ਦੇ ਕਰੀਬ ਸਿੱਖ ਸ਼ਰਧਾਲੂ ਸ਼ਾਮਲ ਹੋਏ।




ਗੁਰਦੁਆਰਾ ਰੌਸ ਸਟਰੀਟ ਵੈਨਕੂਵਰ ਵਿਖੇ ਭੋਗ ਪੈਣ ਉਪਰੰਤ ਸਵੇਰੇ 10 ਵਜੇ ਨਗਰ ਕੀਰਤਨ ਰਵਾਨਾ ਹੋਇਆ। ਗੁਰੂ ਗਰੰਥ ਸਾਹਿਬ ਦੀ ਪਾਲਕੀ ਨੂੰ ਬੇਹੱਦ ਸ਼ਰਧਾ ਨਾਲ ਸਜਾਇਆ ਗਿਆ ਅਤੇ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਸ਼ਰਧਾਲੂਆਂ ਵੱਲੋਂ ਥਾਂ ਥਾਂ ਵੱਖ ਵੱਖ ਪਕਵਾਨਾ ਦੇ ਲੰਗਰ ਲਾਏ ਗਏ ਸਨ। ਸੱਭਿਆਚਾਰ ਕਲੱਬਾਂ ਵੱਲੋਂ ਆਪੋ ਆਪਣੇ ਸਟਾਲ ਲਾਏ ਗਏ। ਸਿੱਖ ਮੋਟਰ ਸਾਈਕਲ ਕਲੱਬ ਵੱਲੋਂ ਹਰ ਸਾਲ ਵਾਂਗ ਨਗਰ ਕੀਰਤਨ ਦੀ ਸ਼ੋਭਾ ਵਿਚ ਵਧਾਈ ਗਈ।



ਬੀ.ਸੀ. ਦੇ ਪ੍ਰੀਮੀਅਰ ਡੇਵਿਡ ਇਬੀ, ਕਈ ਮੰਤਰੀ ਅਤੇ ਐਮਐਲਏ ਵੀ ਨਗਰ ਕੀਰਤਨ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਸਿੱਖ ਸੰਗਤ ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ।

ਸ਼ਹਿਰ ਦੀਆਂ ਵੱਖ ਵੱਖ ਗਲੀਆਂ ਵਿਚ ਹੁੰਦਾ ਹੋਇਆ ਨਗਰ ਕੀਰਤਨ ਸ਼ਾਮ 4 ਵਜੇ ਵਾਪਸ ਗੁਰਦੁਆਰਾ ਸਾਹਿਬ ਪਹੁੰਚ ਕੇ ਸੰਪੰਨ ਹੋਇਆ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕੁਲਦੀਪ ਸਿੰਘ ਥਾਂਦੀ ਨੇ ਨਗਰ ਕੀਰਤਨ ਲਈ ਸੰਗਤਾਂ ਵੱਲੋਂ ਪ੍ਰਗਟਾਏ ਉਤਸ਼ਾਹ, ਸ਼ਰਧਾ ਅਤੇ ਸਹਿਯੋਗ ਲਈ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਸਮੂਹ ਲੋਕਾਈ ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੱਤੀ।

## ਕਣਕ ਦੀ ਫਸਲ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਕਿਸਾਨ ਅਪਣਾਉਣ ਨੁਕਤੇ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 15 ਅਪ੍ਰੈਲ : ਮੁੱਖ ਖੇਤੀਬਾੜੀ ਅਫਸਰ ਡਾ. ਕਰਨਜੀਤ ਸਿੰਘ ਗਿੱਲ ਨੇ ਦੱਸਿਆ ਕਿ ਕਣਕ ਹਾੜੀ ਦੀ ਮੁੱਖ ਫਸਲ ਹੈ ਪਰ ਹਰ ਸਾਲ ਹਜ਼ਾਰਾਂ ਦੇ ਏਕੜ ਕਣਕ ਦੀ ਫਸਲ ਅੱਗ ਨਾਲ ਸੜ ਜਾਂਦੀ ਹੈ, ਜਿਸ ਕਾਰਨ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਮਾਲੀ ਨੁਕਸਾਨ ਹੁੰਦਾ ਹੈ। ਇਹ ਦੇਖਿਆ ਗਿਆ ਹੈ ਕਿ ਕਣਕ ਦੀ ਵਾਢੀ ਸਮੇਂ ਬਿਜਲੀ ਦੀਆਂ ਢਿੱਲੀਆਂ ਤਾਰਾਂ, ਬਿਜਲੀ ਦੇ ਟਰਾਂਸਫਾਰਾਂ ਵਿੱਚ ਚੰਗਿਆੜੀ, ਧੂਆਂ ਨਿਕਲਦੀ ਬੀੜੀ, ਮਜ਼ਦੂਰ ਵੱਲੋਂ ਸੁੱਟੀ ਗਈ ਸਿਗਰੇਟ ਜਾਂ ਕਿਸੇ ਹੋਰ ਲਾਪਰਵਾਹੀ ਕਾਰਨ ਕਣਕ ਦੀ ਫਸਲ ਜਾਂ ਕਣਕ ਦੇ ਨਾੜ ਨੂੰ ਅੱਗ ਲੱਗ ਜਾਂਦੀ ਹੈ।

ਮੁੱਖ ਖੇਤੀਬਾੜੀ ਅਫਸਰ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਾਡੇ ਖੇਤਾਂ ਵਿੱਚ ਕਣਕ ਪੱਕਣ ਵਾਲੀ ਹੈ। ਵੱਧਦੀ ਗਰਮੀ ਤੇਜ਼ ਹਵਾ ਜਾਂ ਬਿਜਲੀ ਦੇ ਸ਼ਾਰਟ ਸਰਕਟ ਜਾਂ ਕਿਸੇ ਮਜ਼ਦੂਰ ਵੱਲੋਂ ਬੀੜੀ ਸਿਗਰਟ ਨੂੰ ਅੱਗ ਲਾਉਣਾ ਜਾਂ ਖਾਣਾ ਪਕਾਉਣ ਲਈ ਜਗਾਈ ਗਈ ਚੰਗਿਆੜੀ ਆਦਿ ਸਾਡੀਆਂ ਫਸਲਾਂ ਨੂੰ ਅੱਗ ਲੱਗਣ ਦਾ ਮੁੱਖ ਕਾਰਨ ਹਨ।

ਡਾ. ਕਰਨਜੀਤ ਸਿੰਘ ਗਿੱਲ ਨੇ ਕਿਹਾ ਕਿ ਅਜਿਹੀਆਂ ਅਣਕਿਆਸੀ ਘਟਨਾਵਾਂ ਆਮ ਤੌਰ ਤੇ ਹੋ ਜਾਂਦੀਆਂ ਹਨ, ਜਿਸ ਲਈ ਅਸੀਂ ਸਰਕਾਰ ਜਾਂ ਬਿਜਲੀ ਮਹਿਕਮੇ ਨੂੰ ਜਿੰਮੇਵਾਰ ਠਹਿਰਾਉਂਦੇ ਹਾਂ। ਅੱਗ ਬੁਝਾਉਣ ਲਈ ਸਰਕਾਰੀ ਫਾਇਰ ਬਗਰੇਡ ਤੋਂ ਮਦਦ ਦੀ ਉਮੀਦ ਕਰਦੇ ਹਾਂ। ਇਸ ਕਾਰਨ ਉਹਨਾਂ ਤੇ ਜਿਆਦਾ ਦਬਾਅ ਪੈਂਦਾ ਹੈ ਪਰ ਫਿਰ ਵੀ ਕੱਚੀਆਂ ਸੜਕਾਂ, ਪਹੀਆਂ ਆਦਿ ਕਾਰਨ ਗੱਡੀਆਂ ਦਾ ਲੇਟ ਆਉਣਾ ਸੁਭਾਵਿਕ ਹੈ। ਸਾਨੂੰ ਇਸ ਸਮੱਸਿਆ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਨਾ ਹੋਵੇਗਾ। ਇਸ ਲਈ ਕੁਝ ਨੁਕਤੇ ਹਨ, ਜਿਨਾਂ ਰਾਹੀਂ ਅਸੀਂ ਆਪਣੇ ਪਿੰਡ ਪੱਧਰ ਤੇ ਇਹ ਪ੍ਰਬੰਧ ਕਰ ਸਕਦੇ ਹਾਂ। ਇਸ ਤੇ ਕੋਈ ਖਰਚਾ ਨਹੀਂ ਹੋਵੇਗਾ, ਸਗੋਂ ਅਸੀਂ ਸੁਚੇਤ ਅਤੇ ਚਿੰਤਾ ਮੁਕਤ ਰਹਿ ਸਕਦੇ ਹਾਂ, ਆਪਣੀਆਂ ਫਸਲਾਂ ਦੀ ਸੁਰੱਖਿਆ ਲਈ ਹਮੇਸ਼ਾ ਤਿਆਰ ਰਹਿ ਸਕਦੇ ਹਾਂ।

ਬਾਕਸ ਲਈ ਪ੍ਰਸਾਤਵਿਤ
ਕਣਕ ਦੀ ਫਸਲ ਨੂੰ ਅੱਗ ਲੱਗਣ ਤੋਂ ਬਚਾਉਣ ਲਈ ਕੁਝ ਨੁਕਤੇ

ਜਿੱਥੇ ਟਰਾਂਸਫਾਰਮ ਲਾਇਆ ਹੋਇਆ ਹੈ ਉੱਥੋਂ ਹੀ ਕਣਕ ਦੀ ਕਟਾਈ ਕਰੋ। ਜੇਕਰ ਪਾਣੀ ਦੀ ਲੋੜ ਨਾ ਹੋਵੇ ਤਾਂ ਟਰਾਂਸਫਾਰਮਰ ਦੀ ਸਵਿੱਚ ਵਿੱਚ ਬੰਦ ਰੱਖੋ। ਲੋਹੇ ਦੀਆਂ ਟੈਂਕੀਆਂ ਨੂੰ ਪਾਣੀ ਨਾਲ ਭਰ ਕੇ ਖੇਤਾਂ ਦੇ ਵਿਚਕਾਰ ਰੱਖੋ, ਜੇ ਸੰਭਵ ਹੋਵੇ ਤਾਂ ਉਸ ਨਾਲ 100 ਫੁੱਟ ਡੂੰਘਾ ਲੰਬਾ ਪਾਈਪ ਦਾ ਟੁਕੜਾ ਲਗਾ ਦਿਓ। ਪਿੰਡ ਦੇ ਸਾਰੇ ਵੱਡੇ ਸਪ੍ਰੇ ਪੰਪਾਂ ਦੀਆਂ ਟੈਂਕੀਆਂ ਨੂੰ ਪਾਣੀ ਨਾਲ ਭਰ ਕੇ ਤਿਆਰ ਰੱਖੋ। ਜੇਕਰ ਪਿੰਡ ਦੇ ਲੋਕ ਇਕੱਠੇ ਹੋ ਕੇ ਪੰਜਦ ਅੱਗ ਬੁਝਾਉਣ ਵਾਲੇ ਸਿਲੰਡਰ ਖਰੀਦ ਲੈਣ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਅੱਗ ਬੁਝਾਉਣ ਲਈ ਪਿੰਡ ਦੇ 5 ਤੋਂ 10 ਦਲੇਰ ਨੌਜਵਾਨਾਂ ਦੀ ਸੂਚੀ ਰੱਖੀ ਜਾਵੇ ਤੇ ਇਹ ਕੋਸ਼ਿਸ਼ ਕੀਤੀ ਜਾਵੇ ਕਿ ਉਹ ਅਜਿਹੇ ਸਮੇਂ ਪਿੰਡ ਤੋਂ ਬਾਹਰ ਨਾ ਜਾਣ।

ਖੇਤ ਵਿੱਚ ਹੀ ਹੱਲ/ਕਾਸ਼ਤਕਾਰ ਰੱਖੋ ਤਾਂ ਜੋ ਮੁਸੀਬਤ ਵੇਲੇ ਪਿੰਡ ਵੱਲ ਨਾ ਭੱਜਣਾ ਪਏ। ਹਰ ਕਿਸਾਨ ਕੋਲ ਗੁਰਦੁਆਰਾ ਸਾਹਿਬ ਦੇ ਜਿੰਮੇਵਾਰ ਵਿਅਕਤੀ ਦਾ ਮੋਬਾਇਲ ਨੰਬਰ ਵੀ ਹੋਣਾ ਚਾਹੀਦਾ ਹੈ ਤਾਂ ਜੋ ਜਲਦੀ ਤੋਂ ਜਲਦੀ ਸੂਚਨਾ ਪੂਰੇ ਪਿੰਡ ਵਿੱਚ ਫੈਲਾਈ ਜਾ ਸਕੇ। ਹਰ ਕਿਸਾਨ ਕੋਲ ਬਿਜਲੀ ਦਾ ਗਰਿਡ ਨੰਬਰ ਵੀ ਹੋਣਾ ਲਾਜ਼ਮੀ ਹੈ ਤਾਂ ਜੋ ਸੰਕਟ ਸਮੇਂ ਬਿਜਲੀ ਸਪਲਾਈ ਬੰਦ ਕੀਤੀ ਜਾ ਸਕੇ।

## ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਵਲੋਂ ਹੋਣਹਾਰ ਬੱਚੇ ਕੀਤੇ ਗਏ ਸਨਮਾਨਤ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 15 ਅਪ੍ਰੈਲ : ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਵਸ ਮੌਕੇ ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਵਲੋਂ ਪ੍ਰਜਾਪਤ ਸਮਾਜ ਦੇ ਹੋਣਹਾਰ ਬੱਚੇ, ਜਿਨਾਂ ਦੇ 80 ਫੀਸਦੀ ਤੋਂ ਵੱਧ ਨੰਬਰ ਆਏ ਹਨ, ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਸਾਇਟੀ ਨੇ ਪੰਜਵੀਂ, ਛੇਵੀਂ, ਸੱਤਵੀਂ, ਨੌਵੀਂ ਅਤੇ 11ਵੀਂ ਕਲਾਸ ਦੇ ਕੁੱਲ 60 ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ।




ਇਸ ਮੌਕੇ ਮੁੱਖ ਮਹਿਮਾਨ ਹੁਕਮ ਚੰਦ, ਮਦਨ ਲਾਲ, ਖੁਸ਼ੀ ਰਾਮ, ਹਰੀ ਵਰਮਾ, ਦੇਵੀ ਦਿਆਲ, ਰਮੇਸ਼ ਕੁਮਾਰ, ਸੰਤ ਰਾਮ, ਓਮ ਪ੍ਰਕਾਸ਼, ਜੀਤ ਰਾਮ, ਗੋਬਿੰਦ ਰਾਮ, ਮਾ. ਖੇਮ ਚੰਦ, ਓਮ ਪ੍ਰਕਾਸ਼ ਬਾਘਾਪੁਰਾਣਾ, ਰਾਜ ਕੁਮਾਰ ਰਾਜੂ ਪੱਤਰਕਾਰ ਆਦਿ ਨੇ ਸ਼ਿਰਕਤ ਕੀਤੀ। ਆਪਣੇ ਸੰਬੋਧਨ ਦੌਰਾਨ ਐਡਵੋਕੇਟ ਅਜੀਤ ਵਰਮਾ ਨੇ ਦੱਸਿਆ ਕਿ ਸੁਸਾਇਟੀ ਦਾ ਮੁੱਖ ਉਦੇਸ਼ ਹੁਸ਼ਿਆਰ ਅਤੇ ਹੋਣਹਾਰ ਵਿਦਿਆਰਥੀ/ਵਿਦਿਆਰਥਣਾ ਨੂੰ ਸਨਮਾਨਿਤ ਕਰਕੇ ਉਹਨਾਂ ਦੀ ਹੌਂਸਲਾ ਅਫਜਾਈ ਕਰਨਾ ਹੈ। ਉਹਨਾਂ ਬੱਚਿਆ ਨੂੰ ਸਨਮਾਨਿਤ ਕਰਨ ਮੌਕੇ ਹੋਰਨਾ ਬੱਚਿਆਂ ਨੂੰ ਵੀ ਪੜਾਈ ਵਿੱਚ ਪੂਰੀ ਦਿਲਚਸਪੀ ਰੱਖਣ ਦਾ ਸੱਦਾ ਦਿੱਤਾ। ਅਜੀਤ ਵਰਮਾ ਨੇ ਅੱਗੇ ਆਖਿਆ ਕਿ ਸੁਸਾਇਟੀ ਵਲੋਂ ਇਸ ਤਰਾਂ ਦੇ ਉਪਰਾਲੇ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰਹਿਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਸਾਇਟੀ ਦੇ ਮੈਂਬਰ ਜੈ ਚੰਦ ਬੇਵਾਲ, ਹੰਸਰਾਜ, ਅਜੀਤ ਵਰਮਾ ਐਡਵੋਕੇਟ, ਰਾਕੇਸ਼ ਕੁਮਾਰ, ਰਾਜੇਸ਼ ਕੁਮਾਰ, ਬੇਅੰਤ ਕੁਮਾਰ, ਅਸ਼ੋਕ ਕੁਮਾਰ, ਅਰਜਨ ਕੁਮਾਰ ਅਤੇ ਪ੍ਰਜਾਪਤ ਸਮਾਜ ਦੇ ਮੈਂਬਰ ਆਦਿ ਵੀ ਹਾਜ਼ਰ ਸਨ।

## ਸਰੀ ਵਿਚ ਨਾਵਲਕਾਰ ਬਖਸ਼ਿੰਦਰ ਦੇ ਨਾਵਲ ‘ਇਸ਼ਕ ਦਾ ਮੰਨੇ ਵਾਟ’ ਉਪਰ ਵਿਚਾਰ ਚਰਚਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 15 ਅਪ੍ਰੈਲ : ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਪ੍ਰਸਿੱਧ ਪੱਤਰਕਾਰ ਅਤੇ ਨਾਵਲਕਾਰ ਬਖਸ਼ਿੰਦਰ ਦੇ ਨਾਵਲ ‘ਇਸ਼ਕ ਦਾ ਮੰਨੇ ਵਾਟ’ ਉਪਰ ਵਿਚਾਰ ਚਰਚਾ ਕਰਨ ਲਈ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਕੰਪਲੈਕਸ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਨਾਮਵਰ ਵਿਦਵਾਨ ਡਾ. ਸਾਧੂ ਸਿੰਘ ਅਤੇ ਨਾਵਲਕਾਰ ਬਖਸ਼ਿੰਦਰ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਸੰਚਾਲਕ ਮੋਹਨ ਗਿੱਲ ਨੇ ਬਖਸ਼ਿੰਦਰ ਅਤੇ ਨਾਵਲ ਬਾਰੇ ਸੰਖੇਪ ਜਾਣਕਾਰੀ ਦਿੱਤੀ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਮਾਗਮ ਵਿਚ ਪਹੁੰਚੀਆਂ ਸਭਨਾਂ ਸ਼ਖਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ, ਉਦੇਸ਼ ਅਤੇ ਇਸ ਦੀਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ। ਨਾਵਲ ਉਪਰ ਆਪਣਾ ਪਰਚਾ ਪੇਸ਼ ਕਰਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਨਾਵਲ ਦੀ ਕਹਾਣੀ ਨੂੰ ਸਾਰ ਰੂਪ ਵਿਚ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਨਾਵਲ ਦੀ ਇੱਕ ਖੂਬੀ ਇਹ ਹੈ ਕਿ ਇਸ ਵਿੱਚ ਪਾਤਰਾਂ ਦੀ ਭਰਮਾਰ ਨਹੀਂ। ਇਸ ਦੀ ਬੋਲੀ ਮੁਹਾਵਰੇਦਾਰ ਅਤੇ ਕਾਵਿਕ ਹੈ। ਕਾਵਿ ਤੁਕਾਂ ਰਾਹੀਂ ਬੋਲੀ ਹੋਰ ਵੀ ਰਸਦਾਰ ਬਣਾਈ ਗਈ ਹੈ। ਨਾਵਲ ਦੀ ਭਾਸ਼ਾ ਚਟਪਟੀ ਕਰਾਰੀ ਅਤੇ ਉਤੇਜਕ ਹੈ। ਨਾਵਲ ਦੇ ਮੁੱਖ ਪਾਤਰ ਦੇ ਵਾਕਾਂ ਰਾਹੀਂ ਭਰਪੂਰ ਮਾਤਰਾ ਵਿੱਚ ਕਾਮ ਕ੍ਰੀੜਾ ਦੀ ਚਾਸ਼ਨੀ ਵਹਾਈ ਗਈ ਹੈ ਅਤੇ ਅਖੀਰ ਵਿੱਚ ਇਸ਼ਕਨਾਮਾ ਚਰਮ ਸੀਮਾ ‘ਤੇ ਪਹੁੰਚ ਜਾਂਦਾ ਹੈ। ਉਹਨਾਂ ਕਿਹਾ ਕਿ ਨਾਵਲ ਵਿੱਚ ਇੱਕ ਥਾਂ ਜਾ ਕੇ ਸਾਰੇ ਪਾਤਰ ਗਾਇਬ ਹੋ ਜਾਂਦੇ ਹਨ ਅਤੇ ਨਾਵਲਕਾਰ ਦਾ ਥੀਸਿਸ ਸ਼ੁਰੂ ਹੋ ਜਾਂਦਾ ਹੈ। ਉਹਨਾਂ ਇੱਕ ਥਾਂ ਤੇ ਸਮੇਂ ਤੇ ਸਥਾਨ ਦੀ ਪੇਸ਼ਕਾਰੀ ਉੱਪਰ ਵੀ ਕਿੰਤੂ ਕੀਤਾ। ਦੂਜੇ ਬੁਲਾਰੇ ਡਾ. ਸਾਧੂ ਸਿੰਘ ਨੇ ਕਿਹਾ ਕਿ ਨਾਵਲ ਦੇ ਵਿਸ਼ੇ ਵਸਤੂ ਨਾਲ ਅਤੇ ਲੇਖਕ ਕਾਮ ਸ਼ਾਸਤਰ ਬਾਰੇ ਸਿੱਧਾ ਹੀ ਲਿਖਣ ਬਾਰੇ ਉਹਨਾਂ ਨੂੰ ਕੋਈ ਇਤਰਾਜ਼ ਨਹੀਂ ਪਰ ਨਾਵਲ ਵਿਚ ਕਾਮ ਸ਼ਾਸਤਰ ਬਾਰੇ ਲਿਖਿਆ ਗਿਆ ਥੀਸਿਸ ਨਾਵਲ ਤੋਂ ਅਲੱਗ ਹੋਣਾ ਚਾਹੀਦਾ ਸੀ।

ਉਸਤਾਦ ਸ਼ਾਇਰ ਗੁਰਦਰਸ਼ਨ ਸਿੰਘ ਬਾਦਲ ਅਤੇ ਅੰਗਰੇਜ਼ ਬਰਾੜ ਨੇ ਵੀ ਨਾਵਲ ਉੱਪਰ ਵਿਚਾਰ ਪੇਸ਼ ਕੀਤੇ। ਨਾਵਲਕਾਰ ਬਖਸ਼ਿੰਦਰ ਨੇ ਕਿਹਾ ਕਿ ਵਿਸ਼ਾਲ ਪੱਧਰ ‘ਤੇ ਇਸ਼ਕ ਦੀ ਗੱਲ ਕੀਤੀ ਗਈ ਹੈ ਤੇ ਇਸ਼ਕ ਦੀ ਵਿਆਖਿਆ ਵੀ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਰੂਹਾਨੀ ਅਤੇ ਜਿਸਮਾਨੀ ਇਸ਼ਕ ਨੂੰ ਵੱਖਰਾ ਨਹੀਂ ਕੀਤਾ ਸਕਦਾ। ਉਨ੍ਹਾਂ ਕਿਹਾ ਕਿ ਨਾਵਲ ਵਿਚ ਇਸ਼ਕ ਬਾਰੇ ਮਾਹਿਰਾਂ ਦੇ ਵਿਚਾਰ ਉਨ੍ਹਾਂ ਦੇ ਨਾਵਾਂ ਹੇਠ ਲਿਖੇ ਗਏ ਹਨ। ਉਨ੍ਹਾਂ ਫਿਲਮੀ ਸਕਰਿਪਟਾਂ ਤੋਂ ਤੌਬਾ ਕਰਨ ਅਤੇ ਨਾਵਲ ਲਿਖਣ ਵੱਲ ਮੁੜਨ ਬਾਰੇ ਦੱਸਿਆ ਅਤੇ ਪੰਜਾਬੀ ਭਾਸ਼ਾ ਦੀਆਂ ਬਾਰੀਕੀਆਂ ਦੀ ਵੀ ਗੱਲ ਕੀਤੀ। ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸੋਹਣ ਸਿੰਘ ਪੂਨੀ, ਪਰਮਿੰਦਰ ਸਵੈਚ, ਬਿੰਦੂ ਮਠਾੜੂ, ਦਵਿੰਦਰ ਗੌਤਮ, ਰਾਜਵੰਤ ਰਾਜ, ਕੁਲਦੀਪ ਸਿੰਘ ਬਾਸੀ, ਇੰਦਰਜੀਤ ਰੋਡੇ, ਹਰਦਮ ਸਿੰਘ ਮਾਨ, ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ ਅਤੇ ਸੁਰਿੰਦਰ ਚਾਹਲ ਵੀ ਸ਼ਾਮਲ ਸਨ।

## ਰਛਪਾਲ ਸਿੰਘ ਚਕਰ ਦਾ ਕਹਾਣੀ ਸੰਗ੍ਰਹਿ ‘ਵਿਰਾਸਤੀ ਸਾਂਝ’ ਲੋਕ ਅਰਪਣ

### ਲੇਖਿਕਾ ਬੇਅੰਤ ਕੌਰ ਮੋਗਾ ਦਾ ਵਿਸ਼ੇਸ਼ ਸਨਮਾਨ ਕੀਤਾ

ਵਰਲਡ ਪੰਜਾਬੀ ਟਾਈਮਜ਼ ਬਲਬੀਰ ਸਿੰਘ ਬੱਬੀ



ਜਗਰਾਉਂ 15 ਅਪ੍ਰੈਲ : ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਹਰ ਸਮੇਂ ਅੱਜ ਰਹਿਣ ਵਾਲੀਆਂ ਸਹਾਇਤਾ ਸੰਸਥਾਵਾਂ ਦੇ ਵਿੱਚੋਂ ਮਹਿਫ਼ਲ-ਏ-ਅਦੀਬ ਸੰਸਥਾ ਜਗਰਾਉਂ, ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਵਲੋਂ ਸ਼ਬਦ ਅਦਬ ਸਾਹਿਤ ਸਭਾ ਦੇ ਪ੍ਰਧਾਨ ਰਛਪਾਲ ਸਿੰਘ ਚਕਰ ਦੇ ਪਲੇਠੇ ਕਹਾਣੀ ਸੰਗ੍ਰਹਿ ‘ਵਿਰਾਸਤੀ ਸਾਂਝ’ ਨੂੰ ਲੋਕ ਅਰਪਣ ਕਰਨ ਦਾ ਵਿਸ਼ੇਸ਼ ਸਮਾਗਮ ਪੁਲਸ ਪੈਨਸ਼ਨਰ ਵੈਲਫੇਅਰ ਭਵਨ ਜਗਰਾਉਂ ਵਿਖੇ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਦੀ ਪ੍ਰਧਾਨਗੀ, ਖਜ਼ਾਨਚੀ ਜਗਦੀਸ਼ਪਾਲ ਮਹਿਤਾ ਅਤੇ ਮੁੱਖ ਸਲਾਹਕਾਰ ਡਾ. ਬਲਦੇਵ ਸਿੰਘ ਦੀ ਦੇਖਰੇਖ ਹੇਠ ਹੋਇਆ। ਜਿਸ ਵਿਚ ਪ੍ਰਸਿੱਧ ਨਾਵਲਕਾਰ ਮਿੱਤਰ ਸੈਨ ਮੀਤ ਮੁੱਖ ਮਹਿਮਾਨ ਵਜ਼ੋਂ ਸ਼ਾਮਲ ਹੋਏ ਜਦਕਿ ਪ੍ਰੋ. ਕਰਮ ਸਿੰਘ ਸੰਧੂ ਪ੍ਰਧਾਨ ਸਾਹਿਤ ਸਭਾ ਜਗਰਾਉਂ, ਸ਼੍ਰੋਮਣੀ ਗੀਤਕਾਰ ਅਮਰੀਕ ਸਿੰਘ ਤਲਵੰਡੀ, ਅਲੋਚਕ ਐੱਚ. ਐੱਸ ਡਿੰਪਲ, ਪ੍ਰੋ, ਪ੍ਰੀਤਮ ਸਿੰਘ ਚੀਮਾ, ਉੱਘੀ ਲੇਖਿਕਾ ਬੇਅੰਤ ਕੌਰ ਗਿੱਲ ਵਿਸ਼ੇਸ਼ ਮਹਿਮਾਨ ਵਜ਼ੋਂ ਸ਼ਾਮਲ ਹੋਏ।

ਇਸ ਸਮਾਗਮ ਵਿੱਚ ਵਿਸਾਖੀ ਤਿਉਹਾਰ, ਖਾਲਸਾ ਸਾਜਨਾ ਦਿਵਸ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੇ ਜਨਮ ਦਿਵਸ ਨੂੰ ਸਮਰਪਿਤ ਸੀ ਅਤੇ ਸਮਾਗਮ ਸ਼ੁਰੂ ਕਰਨ ਤੋਂ ਪਹਿਲਾਂ ਜ਼ਲ੍ਹਿਆਂ ਵਾਲੇ ਬਾਗ ਦੇ ਮਹਾਨ ਸ਼ਹੀਦਾਂ ਨੂੰ ਇਕ ਮਿੰਟ ਮੋਨ ਧਾਰ ਕੇ ਸਾਹਿਤਕਾਰਾਂ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਉਪਰੰਤ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਕੇ ਸਮੂਹ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਰਛਪਾਲ ਸਿੰਘ ਚਕਰ ਦੇ ਪਲੇਠੇ ਕਹਾਣੀ ਸੰਗ੍ਰਹਿ ‘ਵਿਰਾਸਤੀ ਸਾਂਝ’ ਨੂੰ ਸਮੂਹ ਅਦੀਬਾਂ ਨੇ ਰਲ ਕੇ ਲੋਕ ਅਰਪਣ ਕੀਤਾ। ਮੁੱਖ ਮਹਿਮਾਨ ਮਿੱਤਰ ਸੈਨ ਮੀਤ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਚਕਰ ਦੀਆਂ ਕਹਾਣੀਆਂ ਸਮੇਂ ਦੀ ਗਾਥਾ ਬਿਆਨ ਕਰਦੀਆਂ ਹਨ। ਜਿਸ ਇਨਸਾਨ ਨੇ ਲੋਕਾਂ ਲਈ ਆਪਣਾ ਕੈਰੀਅਰ ਦਾਅ ‘ਤੇ ਲਾ ਦਿੱਤਾ ਆਖਿਰ ਉਹੀ ਲੋਕ ਆਪਣੇ ਕੈਰੀਅਰ ਦਾ ਸੋਚਦੇ ਉਸਦੇ ਬਲੀਦਾਨ ਨੂੰ ਤਾਰ ਤਾਰ ਕਰਦੇ ਨਜ਼ਰ ਆਉਂਦੇ ਹਨ। ਪ੍ਰੋ. ਕਰਮ ਸਿੰਘ ਸੰਧੂ ਨੇ ਕਿਹਾ ਕਿ ਰਛਪਾਲ ਸਿੰਘ ਚਕਰ ਦੇ ਇਹ ਯਤਨ ਸਾਰਥਕ ਹਨ। ਪ੍ਰੋ. ਪ੍ਰੀਤਮ ਸਿੰਘ ਚੀਮਾ ਨੇ ਕਿਹਾ ਕਿ ਰਛਪਾਲ ਸਿੰਘ ਚਕਰ ਇਕ ਗੁਣੀ ਬੰਦਾ ਹੈ ਅਤੇ ਇਸ ਦੀਆਂ ਲਿਖਤਾਂ ਵਿਚ ਉਨਾਂ ਦੀ ਉਸਾਰੂ ਸੋਚ ਝਲਕਦੀ ਹੈ। ਐੱਚ ਐਸ ਡਿੰਪਲ ਨੇ ਕਿਹਾ ਕਿ ਭਾਵੇਂ ਰਛਪਾਲ ਸਿੰਘ ਚਕਰ ਕੋਲ ਸ਼ਬਦ ਭੰਡਾਰ ਹੈ, ਪਰ ਫਿਰ ਵੀ ਕਹਾਣੀਆਂ ਹੋਰ ਧਿਆਨ ਮੰਗਦੀਆਂ ਹਨ। ਸ਼ਰੋਮਣੀ ਗੀਤਕਾਰ ਅਮਰੀਕ ਸਿੰਘ ਤਲਵੰਡੀ, ਮਾ. ਅਵਤਾਰ ਸਿੰਘ, ਮਾ. ਹਰਬੰਸ ਸਿੰਘ ਅਖਾੜਾ, ਬੇਅੰਤ ਕੌਰ ਗਿੱਲ, ਡਾ. ਬਲਦੇਵ ਸਿੰਘ, ਵਰਿੰਦਰ ਦੀਵਾਨਾ, ਮੇਜਰ ਸਿੰਘ ਛੀਨਾ, ਪ੍ਰੋ. ਕਰਮਜੀਤ ਸਿੰਘ ਬੁੱਟਰ ਆਦਿ ਨੇ ਵੀ ਲੇਖਕ ਚਕਰ ਨੂੰ ਨਵੀਂ ਅਤੇ ਪਹਿਲੀ ਕਿਤਾਬ ਲਈ ਵਧਾਈਆਂ ਦਿੱਤੀਆਂ ਅਤੇ ਅੱਗੋਂ ਆਪਣੇ ਜੀਵਨ ਤਜ਼ੁਰਬਿਆਂ ‘ਚੋਂ ਹੋਰ ਲਿਖਣ ਲਈ ਅਪੀਲ ਕੀਤੀ।

ਇਸ ਮੌਕੇ ਲੇਖਿਕਾ ਬੇਅੰਤ ਕੌਰ ਗਿੱਲ ਅਤੇ ਪ੍ਰਧਾਨ ਰਛਪਾਲ ਸਿੰਘ ਚਕਰ ਦਾ ਸੰਸਥਾ ਨੇ ਫੁਲਕਾਰੀ, ਸਨਮਾਨ ਚਿੰਨ੍ਹ ਅਤੇ ਕਿਤਾਬਾਂ ਦਾ ਸੈੱਟ ਦੇ ਕੇ ਵਿਸ਼ੇਸ਼ ਤੌਰ ‘ਤੇ ਸਨਮਾਨ ਕੀਤਾ। ਸਨਮਾਨਿਤ ਸਖਸ਼ੀਅਤ ਬੇਅੰਤ ਕੌਰ ਗਿੱਲ ਨੇ ਵੀ ਰਛਪਾਲ ਸਿੰਘ ਚਕਰ ਨੂੰ ਵਧਾਈਆਂ ਦਿੱਤੀਆਂ ਅਤੇ ਸੰਸਥਾ ਵਲੋਂ ਸਨਮਾਨਿਤ ਕੀਤੇ ਜਾਣ ‘ਤੇ ਧੰਨਵਾਦ ਕੀਤਾ। ਰਛਪਾਲ ਸਿੰਘ ਚਕਰ ਵੀ ਆਪਣੀ ਕਿਤਾਬ ਨਾਲ ਸਬੰਧਤ ਵਿਚਾਰਾਂ ਦੀ ਸਾਂਝ ਪਾਈ ਅਤੇ ਸਭ ਦਾ ਧੰਨਵਾਦ ਕੀਤਾ। ਉਪਰੰਤ ਰਚਨਾਵਾਂ ਦਾ ਦੌਰ ਚੱਲਿਆ ਜਿਸ ਵਿਚ ਪ੍ਰੋ. ਗੁਰਦੇਵ ਸਿੰਘ ਸੰਦੌੜ, ਕਾਨਤਾ ਦੇਵੀ, ਗਾਇਕ ਹਰਜੀਤ ਸਿੰਘ ਆਲੀਵਾਲ, ਡਾ. ਅਮਨ ਅੱਚਰਵਾਲ, ਮਾ ਤਾਰਾ ਸਿੰਘ ਰੂਮੀ, ਮੇਜਰ ਸਿੰਘ ਛੀਨਾ, ਅਵਤਾਰ ਸਿੰਘ, ਹਰਬੰਸ ਸਿੰਘ ਅਖਾੜਾ, ਜਗਦੀਸ਼ਪਾਲ ਮਹਿਤਾ, ਅਵਤਾਰ ਸਿੰਘ ਭੁੱਲਰ, ਪ੍ਰੋ. ਸਵਰਨ ਸਿੰਘ ਆਲੀਵਾਲ, ਤਰਲੋਚਨ ਸਿੰਘ ਬੱਲ ਕਰਨਾਲ ਆਦਿ ਨੇ ਆਪਣੀਆਂ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਕੀਤੀ। ਆਖ਼ਿਰ ‘ਚ ਪ੍ਰਧਾਨ ਕੈਪਟਨ ਪੂਰਨ ਸਿੰਘ ਗਗੜਾ ਨੇ ਆਏ ਮਹਿਮਾਨਾਂ ਦਾ ਵਿਸ਼ੇਸ਼ ਤੌਰ ‘ਤੇ ਧੰਨਵਾਦ ਕੀਤਾ। ਇਸ ਮੌਕੇ ਚਰਨਜੀਤ ਕੌਰ ਗਰੇਵਾਲ, ਜਗਰਾਜ ਸਿੰਘ ਰਾਜਾ ਮਾਣੂੰਕੇ, ਦਰਸ਼ਨ ਸਿੰਘ ਹਠੂਰ, ਮਨਜੀਤ ਸਿੰਘ ਰਾਏਸਰ, ਸ਼ਾਇਰ ਰਾਜਦੀਪ ਤੂਰ, ਸ਼ਾਇਰ ਪ੍ਰਭਜੋਤ ਸੋਹੀ, ਅਜੀਤ ਪਿਆਸਾ, ਗੁਰਜੀਤ ਸਹੋਤਾ, ਹਰਕੋਮਲ ਬਰਿਆਰ, ਰੂਮੀ ਰਾਜ, ਹਰਚੰਦ ਸਿੰਘ ਗਿੱਲ, ਜ਼ਲੌਰ ਸਿੰਘ ਚਕਰ, ਜਗਤਾਰ ਸਿੰਘ ਅਖਾੜਾ, ਜੋਰਾ ਸਿੰਘ ਗਿੱਲ, ਹਰਦੇਵ ਸਿੰਘ ਕਸਬਾ, ਪ੍ਰਿੰ. ਦਲਜੀਤ ਕੌਰ ਹਠੂਰ, ਗੁਰਦੀਪ ਸਿੰਘ ਹਠੂਰ, ਪ੍ਰਿੰ. ਸਰਬਜੀਤ ਸਿੰਘ ਭੱਟੀ, ਕੁਲਦੀਪ ਲੋਹਟ, ਸੁਖਵਿੰਦਰ ਸਿੰਘ ਸ਼ਹਿਜ਼ਾਦ, ਕਰਮਜੀਤ ਸਿੰਘ, ਸਰਬਜੀਤ ਸਿੰਘ ਗਰੇਵਾਲ ਆਦਿ ਹਾਜ਼ਰ ਸਨ।

## ਖਾਲਸਾ ਸਾਜਨਾ ਦਿਵਸ ਤੇ ਮੁਫ਼ਤ ਮੈਡੀਕਲ ਤੇ ਮੈਡੀਸਿਨ ਕੈਂਪ ਲਗਾਇਆ ਗਿਆ

ਵਰਲਡ ਪੰਜਾਬੀ ਟਾਈਮਜ਼




ਜਲੰਧਰ 15 ਅਪ੍ਰੈਲ : ਅੱਜ ਖਾਲਸੇ ਦੇ ਸਾਜਨਾ ਦਿਵਸ ਤੇ ਵਿਸਾਖੀ ਵਾਲੇ ਦਿਨ ਸਰਦਾਰ ਅਰਜਨ ਸਿੰਘ ਬਾਠ ਦੀ ਯਾਦ ਵਿੱਚ ਸੁੱਖੀ ਬਾਠ ਸੇਵਾ ਕਲੱਬ ਵੱਲੋਂ ਮੁਫ਼ਤ ਮੈਡੀਕਲ ਅਤੇ ਮੈਡੀਸਨ ਕੈਂਪ ਪਿੰਡ ਹਰਦੋ ਫਰਾਲਾ ਜ਼ਿਲ੍ਹਾ ਜਲੰਧਰ ਵਿਖੇ ਲਗਾਇਆ ਗਿਆ ਜਿੱਥੇ ਵੱਡੀ ਗਿਣਤੀ ਦੇ ਵਿੱਚ ਸੰਗਤਾਂ ਦਾ ਇਕੱਠ ਦੇਖਣ ਨੂੰ ਮਿਲਿਆ ਅਤੇ ਵੱਡੀ ਗਿਣਤੀ ਦੇ ਵਿੱਚ ਲੋਕਾਂ ਨੇ ਇਸ ਮੈਡੀਕਲ ਕੈਂਪ ਦਾ ਲਾਹਾ ਲਿਆ ਜਿੱਥੇ ਲਗਭਗ ਆਲੇ ਦੁਆਲੇ ਦੇ 20 ਪਿੰਡਾਂ ਤੋਂ ਲੋਕ ਵਿਸਾਖੀ ਦਾ ਮੇਲਾ ਦੇਖਣ ਦੇ ਲਈ ਪਹੁੰਚੇ ਸਨ। ਮਾਹਿਰ ਡਾਕਟਰਾਂ ਦੁਆਰਾ ਉਹਨਾਂ ਦੇ ਮੁਫ਼ਤ ਚੈੱਕਅਪ ਕੀਤੇ ਗਏ ਅਤੇ ਟੀਮ ਵੱਲੋਂ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਮੇਲੇ ਦੇ ਵਿੱਚ ਪੰਜਾਬ ਭਵਨ ਸੰਸਥਾਪਕ ਸ੍ਰੀ ਸੁੱਖੀ ਬਾਠ ਸਰੀ ਕਨੇਡਾ, ਪ੍ਰੀਤ ਹੀਰ ਮੁੱਖ ਸੰਚਾਲਿਕਾ ਪੰਜਾਬ ਭਵਨ ਸਭ ਆਫ਼ਿਸ ਜਲੰਧਰ , ਸ. ਨਮਨਦੀਪ ਸਿੰਘ ਮਾਨ, ਉਹਨਾਂ ਦੀ ਹਮਸਫ਼ਰ ਹਰਵਿੰਦਰ ਕੌਰ ਮਾਨ ਤੇ ਉਹਨਾਂ ਦੀਆਂ ਬੇਟੀਆਂ ਠਹਿਰਾਵ ,ਸੁਖਰੂਪ ਅਤੇ ਸਟਾਫ਼ ਮੈਂਬਰ ਰਿੰਕੂ ਬਾਜਵਾ, ਥਿੰਦ ਭੱਟੀ ਵਿਸ਼ੇਸ਼ ਤੌਰ ਤੇ ਮੈਡੀਕਲ ਕੈਂਪ ਸਮੇਂ ਮੌਜੂਦ ਸਨ।



## ਰਾਸ਼ਟਰੀ ਕਾਵਿ ਸਾਗਰ ਵੱਲੋਂ ਰੋਟਰੀ ਕਲੱਬ ਪਟਿਆਲਾ ਦੇ ਸਹਿਯੋਗ ਨਾਲ ਕਰਵਾਇਆ ਗਿਆ ਸਾਹਿਤਕ ਸੰਮੇਲਨ

### ਆਸ਼ਾ ਸ਼ਰਮਾ ਦੀ ਲਿਖੀਆਂ 2 ਕਿਤਾਬਾਂ 'ਤੱਤਵ ਧਾਰਾ" ਤੇ "ਵਕਤ ਦੀਆਂ ਪੈੜਾਂ" ਦਾ ਹੋਇਆ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ







ਪਟਿਆਲਾ 15 ਅਪ੍ਰੈਲ : ਰਾਸ਼ਟਰੀ ਕਾਵਿ ਸਾਗਰ ਨੇ ਰੋਟਰੀ ਕਲੱਬ ਮਿਡ ਟਾਊਨ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ । ਰੋਟਰੀ ਕਲੱਬ ਦੇ ਪ੍ਰਧਾਨ ਸ਼੍ਰੀ ਅਸ਼ੋਕ ਰੌਣੀ ਜੀ ਤੇ ਰਾਸ਼ਟਰੀ ਕਾਵਿ ਸਾਗਰ ਦੇ ਚੇਅਰਮੈਨ ਸ਼੍ਰੀ ਰਵਿੰਦਰ ਸ਼ਰਮਾ ਜੀ ਨੇ ਰਿਬਨ ਕਟ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਪ੍ਰੋ. ਨਰਿੰਦਰ ਢੀਂਡਸਾ, ਜਨਰਲ ਸਕੱਤਰ ਰੋਟਰੀ ਕਲਬ ਨੇ ਬਹੁਤ ਸੋਹਣੇ ਸ਼ਬਦਾਂ ਨਾਲ ਪ੍ਰੋਗਰਾਮ ਦਾ ਆਗਾਜ਼ ਕੀਤਾ। ਸ਼੍ਰੀ ਭਗਵਾਨ ਦਾਸ ਗੁਪਤਾ ਸਮਾਜ ਸੇਵੀ ਤੇ ਰੋਟਰੀ ਕਲੱਬ ਦੇ ਸਾਬਕਾ ਪ੍ਰਧਾਨ ਨੇ ਵੀ ਰਾਸ਼ਟਰੀ ਕਾਵਿ ਸਾਗਰ ਦਾ ਰੋਟਰੀ ਕਲੱਬ ਦੇ ਵੇਹੜੇ ਵਿਚ ਸਵਾਗਤ ਕੀਤਾ। ਆਸ਼ਾ ਸ਼ਰਮਾ ਪ੍ਰਧਾਨ ਰਾਸ਼ਟਰੀ ਕਾਵਿ ਸਾਗਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ।ਇਸ ਪ੍ਰੋਗਰਾਮ ਵਿਚ ਸਭਾ ਦੀ ਪ੍ਰਧਾਨ ਆਸ਼ਾ ਸ਼ਰਮਾ ਦੀਆਂ ਲਿਖੀਆਂ ਕਿਤਾਬਾਂ ਦਾ ਲੋਕ ਅਰਪਣ ਅਤੇ ਕਵੀ ਦਰਬਾਰ ਕਰਵਾਇਆ ਗਿਆ। ਆਸ਼ਾ ਸ਼ਰਮਾ ਦੀ ਲਿਖੀਆਂ ਦੋ ਕਿਤਾਬਾਂ" ਤੱਤਵ ਧਾਰਾ" ਤੇ "ਵਕਤ ਦੀਆਂ ਪੈੜਾਂ" ਦਾ ਲੋਕ ਅਰਪਣ ਹੋਇਆ।।ਸ਼੍ਰੀ ਵਿਸ਼ਨੂੰ ਸ਼ਰਮਾ ਜੀ ਸਾਬਕਾ ਮੇਅਰ ਅਤੇ ਚੇਅਰਮੈਨ ਇਮਪ੍ਰੋਵੇਮੇਂਟ ਟਰੱਸਟ, ਐਡਵੋਕੇਟ ਦਿਨੇਸ਼ ਸ਼ਰਮਾ ਬਲੌਕ ਪ੍ਰਧਾਨ ਕਾਂਗਰਸ ਕਮੇਟੀ ਪਟਿਆਲਾ, ਨੇ ਵੀ ਇਸ ਪ੍ਰੋਗਰਾਮ ਵਿਚ ਸ਼ਿਰਕਤ ਕੀਤੀ ਤੇ ਕਿਤਾਬ ਲੋਕ ਅਰਪਣ ਦਾ ਹਿੱਸਾ ਬਣੇ ।ਇਹਨਾ ਦੋਨਾਂ ਕਿਤਾਬਾਂ ਤੇ ਪਰਚੇ ਪੜ੍ਹੇ ਗਏ । ਡਾ. ਹਰਜੀਤ ਸੱਧਰ ਨੇ 'ਵਕ਼ਤ ਦੀਆਂ ਪੈੜਾਂ' ਵਿਚ ਲਿਖੇ ਹਰ ਵਿਸ਼ੇ ਬਾਰੇ ਆਪਣੇ ਵਿਚਾਰ ਦਿੱਤੇ ।ਆਸ਼ਾ ਸ਼ਰਮਾ ਦੀ ਲਿਖੀ ਇਸ ਕਿਤਾਬ ਦੀ ਕਾਫੀ ਪ੍ਰਸ਼ੰਸਾ ਹੋਈ । ਓਹਨਾਂ ਦੱਸਿਆ ਕਿ ਕਿਤਾਬ ਵਿਚ ਕਈ ਸਮਾਜਿਕ ਵਿਸ਼ਿਆਂ ਨੂੰ ਛੋਹਿਆ ਗਿਆ ਹੈ।। ਡਾ. ਸੁਰੇਸ਼ ਨਾਇਕ ਨੇ ਕਿਤਾਬ ਤੇ ਪਰਚਾ ਪੜ੍ਹਦੇ ਕਿਹਾ 'ਤੱਤਵ ਧਾਰਾ' ਕਿਤਾਬ ਵਿਚ ਆਪਣੇ ਆਪ ਨਾਲ ਪਹਿਚਾਣ ਹੈ । ਪ੍ਰੋਗਰਾਮ ਵਿੱਚ ਡਾ. ਰਵਿੰਦਰ ਭਾਟੀਆ ਜੀ ਦੀ ਲਿਖੀ ਕਿਤਾਬ ਕਰਿਸ਼ਮਾ ਦਾ ਵੀ ਲੋਕ ਅਰਪਣ ਹੋਇਆ।

ਇਸ ਪ੍ਰੋਗਰਾਮ ਵਿੱਚ ਡਾ. ਉਮਾ ਸ਼ਰਮਾ ਜੀ ਨੇ ਬਾਖੂਬੀ ਮੰਚ ਸੰਚਾਲਨ ਕੀਤਾ । ਕੁਲ 87 ਕਵੀਆਂ ਨੇ ਦੇਸ਼ ਦੇ ਵੱਖ ਵੱਖ ਪ੍ਰਾਂਤਾਂ ਤੋਂ ਹਿੱਸਾ ਲਿਆ। ਸਭ ਕਵੀਆਂ ਨੇ ਸਮੇਂ ਦੇ ਹਾਣ ਦੀਆਂ ਕਵਿਤਾਵਾਂ ਨਾਲ ਸਮਾਂ ਬੰਨ੍ਹ ਦਿੱਤਾ। ਮੁੱਖ ਮਹਿਮਾਨ ਨਾਮਵਰ ਕਵਿੱਤਰੀ, ਕੌਮੀ ਤੇ ਰਾਸ਼ਟਰੀ ਪੁਰਸਕਾਰ ਵਿਜੇਤਾ ਡਾ. ਗੁਰਚਰਨ ਕੋਚਰ ਨੇ ਸਮਾਗਮ ਦੀ ਸ਼ਲਾਘਾ ਕੀਤੀ ਤੇ ਕਿਹਾ ਇਹ ਇਕ ਕੌਮਾਂਤਰੀ ਪ੍ਰੋਗਰਾਮ ਹੈ, ਜਿਸ ਵਿਚ ਦੇਸ਼ ਦੇ ਵੱਖ ਵੱਖ ਪ੍ਰਾਂਤਾਂ ਤੋਂ ਕਵੀ ਜੁੜੇ ਹਨ। ਸ਼੍ਰੀ ਅਸ਼ੋਕ ਰੌਣੀ ਨੇ ਵਾਤਾਵਰਨ ਨੂੰ ਸਮਰਪਿਤ ਕਵਿਤਾ ਸੁਣਾਈ । ਸਮਾਗਮ ਵਿੱਚ ਸ਼ਾਮਿਲ ਸਾਰੇ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰੋਗਰਾਮ ਬਹੁਤ ਸੁਹਿਰਦਤਾ ਪੂਰਨ ਮਾਹੌਲ ਵਿੱਚ ਨੇਪਰੇ ਚੜ੍ਹਿਆ।ਆਸ਼ਾ ਸ਼ਰਮਾ ਨੇ ਆਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ ।

## ਜਿਲ੍ਹਾ ਬਰਨਾਲਾ ਵਿੱਚ ਸਵੀਪ ਗਤੀਵਿਧੀਆਂ ਦੇ ਲਗਾਤਾਰ ਆਯੋਜਨ ਜਾਰੀ

ਬਰਨਾਲਾ 15 ਅਪ੍ਰੈਲ : ਮਾਨਯੋਗ ਡਿਪਟੀ ਕਮਿਸਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਜੀ ਦੀ ਅਗਵਾਈ ਵਿੱਚ ਜਿਲ੍ਹਾ ਸਵੀਪ ਟੀਮ ਵੱਲੋ ਸਵੀਪ ਗਤੀਵਿਧੀਆਂ ਦਾ ਆਯੋਜਨ ਜਿਲ੍ਹ ਬਰਨਾਲਾ ਦੇ ਸਕੂਲਾਂ ਵਿੱਚ ਲਗਾਤਾਰ ਕੀਤਾ ਜਾ ਰਿਹਾ ਹੈ।ਸਰਕਾਰੀ ਹਾਈ ਸਕੂਲ ਗੁਰਮ ਵਿਖੇ ਚਾਰਟ ਮੁਕਾਬਲਿਆ ਦੋਰਾਨ ਜਸਪ੍ਰੀਤ ਕੌਰ ਜਮਾਤ ਦਸਵੀ ਨੇ ਪਹਿਲਾ,ਖੁਸਪ੍ਰੀਤ ਕੌਰ ਜਮਾਤ ਅੱਠਵੀ ਨੇ ਦੂਸਰਾ ਅਤੇ ਹਰਜੋਤ ਬਾਵਾ ਜਮਾਤ ਅੱਠਵੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਲੋਗਨ ਮੁਕਾਬਲਿਆ ਦੌਰਾਨ ਦਲਵੀਰ ਸਿੰਘ ਜਮਾਤ ਨੌਵੀ ਨੇ ਪਹਿਲਾ,ਚਸ਼ਨਦੀਪ ਸਿੰਘ ਜਮਾਤ ਸੱਤਵੀ ਨੇ ਦੂਸਰਾ ਅਤੇ ਤਰਨਜੋਤ ਸਿੰਘ ਜਮਾਤ ਨੋਵੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਰਕਾਰੀ ਮਿਡਲ ਸਕੂਲ ਗੁੰਮਟੀ ਵਿਖੇ ਚਾਰਟ ਮੁਕਾਬਲਿਆ ਦੌਰਾਨ ਜਸਪ੍ਰੀਤ ਸਿੰਘ ਨੇ ਪਹਿਲਾ ਸ਼ਾਹਿਦ ਖਾਂ ਨੇ ਦੂਸਰਾ ਅਤੇ ਜਸਪ੍ਰੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਸਲੋਗਨ ਮੁਕਾਬਲਿਆ ਦੋਰਾਨ ਜਸ਼ਨਪ੍ਰੀਤ




ਕੌਰ ਨੇ ਪਹਿਲਾ, ਜੈਸਮੀਨ ਕੋਰ ਨੇ ਦੂਸਰਾ ਅਤੇ ਹਰਜੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।ਵਿਦਿਆਰਥੀਆਂ ਦੇ ਹੱਥਾ ਵਿੱਚ ਗੁਬਾਰੇ ਸਨ ਜਿੰਨਾ ਉੱਪਰ ਵੋਟ ਦੇਣਾ ਸਭ ਦਾ ਕਾਨੂੰਨੀ ਅਧਿਕਾਰ ਹੈ,ਵੋਟ ਸਮਝ ਨਾਲ ਪਾਵਾਗੇ ਲਾਲਚ ਵਿੱਚ ਨਹੀ ਆਵਾਗੇ,ਜਨ ਜਨ ਜਗਾਉਣਾ ਹੈ ਮਤ ਦਾਨ ਕਰਾਉਣਾ ਹੈ।ਇਸ ਸਮੇ ।ਂਪੰਡ ਨੰਗਲ ਅਤੇ ਕਰਮਗੜ੍ਹ ਦੀਆ ਸੱਥਾ ਵਿੱਚ ਵੀ ਵੋਟਾ ਦੀ ਮਹੱਤਤਾ ਅਤੇ ਪਾਊਣ ਸਬੰਧੀ ਲੈਕਚਰ ਰਾਹੀ ਅਪੀਲ ਕੀਤੀ ਗਈ ।ਵੱਖ ਵੱਖ ਬੁਲਾਰਿਆ ਸ. ਬਰਜਿੰਦਰ ਪਾਲ ਸਿੰਘ ਉੱਪ ਜਿਲ੍ਹਾ ਸਿੱਖਿਆ ਅਫਸਰ (ਸਸ) ਬਰਨਾਲਾ ਸਵੀਪ ਨੋਡਲ ਅਫਸਰ,ਸ੍ਰੀਮਤੀ ਕੁਲਵਿੰਦਰ ਕੌਰ ਸਕੂਲ ਇੰਚਾਰਜ,ਸ. ਰਾਣਾ ਸਿੰਘ ਹੈਡ ਟੀਚਰ ਸ੍ਰੀ ਵਿਕਾਸ ਕੁਮਾਰ ਕੰਪਿਊਟਰ ਫੈਕਲਟੀ ਬੀ.ਐਲ.ਓ.,ਸ.ਕੁਲਜੀਤ ਸਿੰਘ ਐਸ.ਐਸ.ਮਾਸਟਰ,ਸ੍ਰੀ ਰਘਬੀਰ ਚੰਦ ਸਕੂਲ ਇੰਚਾਰਜ ਸਮਸ ਗੁੰਮਟੀ ,ਸ੍ਰੀਮਤੀ ਮਨਦੀਪ ਕੌਰ ਹੈਡ ਟੀਚਰ ਬਲਵੰਤ ਸਿੰਘ ਐਸ.ਐਸ. ਮਾਸਟਰ ,ਅੰਤਰਜੀਤ ਭੱਠਲ ਆਦਿ ਅਧਿਆਪਕ,ਕਲੱਬ ਮੈਬਰਜ ਆਗਨਵਾੜ੍ਹੀ ਵਰਕਰ ਮਿਡ ਡੇ ਮੀਲ ਵਰਕਰ,ਦਰਜਾ ਚਾਰ ਅਤੇ ਵਿਦਿਆਰਥੀਆਂ ਦੇ ਮਾਪੇ ਵੱਡੀ ਗਿਣਤੀ ਵਿੱਚ ਹਾਜਿਰ ਸਨ।ਇੱਕਤਰਤਾਵਾ ਦੌਰਾਨ ਸਮੂਹ ਵੋਟਰਾਂ ਨੂੰ ਆਪਣੀ ਕੀਮਤੀ ਵੋਟ ਦਾ ਇਸਤੇਮਾਲ ਕਰ ਵੋਟਿੰਗ ਪੋਲ ਦੀ ਗਿਣਤੀ ਵਧਾਉਣ ਲਈ ਵੱਖ ਵੱਖ ਬੁਲਾਰਿਆ ਵੱਲੋ ਪ੍ਰੇਰਿਤ ਕੀਤਾ ਗਿਆ।ਲੋਤਤੰਤਰ ਲੋਕਾ ਦੁਆਰਾ ਲੋਕਾ ਲਈ ਚੁਣਿਆ ਜਾਣ ਵਾਲਾ ਹੈ।ਇਹਨਾ ਇੱਕਤਰਤਾਵਾ ਦੌਰਾਨ ਸਮੂਹ ਹਾਜਰਿਨ ਵੱਲੋ ਵੋਟਾ ਦੇ ਤਿਉਹਾਰ ਦੌਰਾਨ ਭਰਵੀ ਸਮੂਲੀਅਤ ਕਰਨ ਦਾ ਪ੍ਰਣ ਦਿੱਤਾ ਗਿਆ।

## ਕਰਮਜੀਤ ਅਨਮੋਲ ਨੇ 'ਆਪ' ਵਿਧਾਇਕਾਂ ਸਮੇਤ ਡਾ. ਅੰਬੇਡਕਰ ਨੂੰ ਭੇਂਟ ਕੀਤੀ ਸ਼ਰਧਾਂਜ਼ਲੀ

### ਕਿਹਾ, ਇਹ ਚੋਣ ਡਾ. ਅੰਬੇਦਕਰ ਦੇ ਸੰਵਿਧਾਨ ਨੂੰ ਬਚਾਉਣ ਲਈ ਲੜੀ ਜਾ ਰਹੀ ਹੈ

ਫਰੀਦਕੋਟ , 15 ਅਪ੍ਰੈਰਲ : ਫਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਇੱਥੇ ਡਾ. ਅੰਬੇਦਕਰ ਪਾਰਕ ਵਿਖੇ ਕੋਟਕਪੂਰਾ ਤੋਂ ਪਾਰਟੀ ਵਿਧਾਇਕ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਫਰੀਦਕੋਟ ਤੋਂ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੀ ਹਾਜਰੀ 'ਚ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਜਨਮ ਵਰੇਗੰਢ ਮੌਕੇ ਉਨਾਂ ਦੇ ਬੁੱਤ ਉੱਤੇ ਫੁੱਲ ਮਾਲਾ ਚੜ੍ਹਾ ਕੇ ਸ਼ਰਧਾ ਜਤਾਈ। ਇਸ ਮੌਕੇ ਜਲਸੇ ਸੰਬੋਧਨ ਕਰਦਿਆਂ ਕਰਮਜੀਤ ਅਨਮੋਲ ਨੇ ਕਿਹਾ ਕਿ ਇਸ ਵਾਰ ਲੋਕ ਸਭਾ ਦੀ ਚੋਣ ਕੋਈ ਸਧਾਰਨ ਚੋਣ ਨਹੀਂ ਬਲਕਿ ਦੇਸ਼ ਦੇ ਸੰਵਿਧਾਨ ਦੀ ਰਾਖੀ ਲਈ ਪਹਿਰੇਦਾਰੀ ਕਰਨ ਵਾਲੀ ਅਹਿਮ ਚੋਣ ਹੈ। ਉਹਨਾਂ ਕਿਹਾ ਕੀ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਸੰਵਿਧਾਨ ਨੂੰ ਖਤਮ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਜੋ ਦੇਸ ਵਾਸੀਆਂ ਦੇ ਸਾਹਮਣੇ ਹਨ। ਦੇਸ ਦਾ ਪ੍ਰਬੰਧ ਡਾ. ਭੀਮ ਰਾਓ ਅੰਬੇਡਕਰ ਸਾਹਿਬ ਵੱਲੋਂ ਤਿਆਰ ਕੀਤੇ ਸੰਵਿਧਾਨ ਮੁਤਾਬਿਕ ਨਹੀਂ, ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤਾਨਾਸ਼ਾਹ ਫਰਮਾਨਾਂ ਨਾਲ ਚਲਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇ ਗਲਤੀ ਨਾਲ ਤੀਜੀ ਵਾਰ ਮੋਦੀ ਸੱਤਾ 'ਚ ਆਉਂਦੇ ਹਨ ਤਾਂ ਨਾ ਸੰਵਿਧਾਨ ਬਚੇਗਾ ਅਤੇ ਨਾ ਹੀ ਲੋਕਤੰਤਰ ਬਚੇਗਾ। ਉਹਨਾਂ ਕਿਹਾ ਕਿ ਲੜਾਈ ਹੁਣ ਸਿਰਫ ਪੰਜਾਬ ਦੀ ਨਹੀਂ ਸਗੋਂ ਸਮੁੱਚੇ ਹਿੰਦੁਸਤਾਨ ਦੀ ਲੜਾਈ ਹੈ। ਜੋ ਆਮ ਆਦਮੀ ਪਾਰਟੀ ਦੇ ਹੱਥ ਮਜਬੂਤ ਕਰਕੇ ਹੀ ਜਿੱਤੀ ਜਾ ਸਕਦੀ ਹੈ। ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਬਾਬਾ ਸਾਹਿਬ ਦੇ ਜਨਮ ਦਿਵਸ 'ਤੇ ਸਭ ਨੂੰ ਮੁਬਾਰਿਕਵਾਦ ਦਿੰਦਿਆਂ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇਣ ਦਾ ਅਹਿਦ ਲਿਆ।



## ਖਾਲਸਾ ਸਮਾਜ ਸੇਵਾ ਸੁਸਾਇਟੀ ਵੱਲੋਂ ਦਸਤਾਰ ਸਜਾਉਣ ਦਾ ਮੁਕਾਬਲਾ ਕਰਵਾਇਆ ਗਿਆ

### ਉਤਸ਼ਾਹ ਨਾਲ ਮਨਾਇਆ ਗਿਆ ਉਤਰਾਖੰਡ ਦੇ ਕਾਸ਼ੀਪੁਰ ਵਿੱਚ ਵਿਸਾਖੀ ਤਿਉਹਾਰ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ

ਉੱਤਰਾਖੰਡ 15 ਅਪ੍ਰੈਲ : ਉੱਤਰਾਖੰਡ ਦੇ ਕਾਸ਼ੀਪੁਰ ਵਿੱਚ ਵੈਸਾਖੀ ਦੇ ਤਿਉਹਾਰ ਨੂੰ ਸਿੱਖ ਸੰਗਤਾਂ ਵੱਲੋਂ ਬਹੁਤ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਇਸ ਵਾਰ ਖਾਲਸਾ ਪੰਥ ਸਾਜਨਾ ਦਿਵਸ ਤੇ ਕਾਂਸੀਪੁਰ ਦੇ ਗੁਰੂਦੁਆਰਾ ਨਨਕਾਣਾ ਸਾਹਿਬ ਵਿੱਚ 'ਖਾਲਸਾ ਸਮਾਜ ਸੇਵਾ ਸੁਸਾਇਟੀ' ਵੱਲੋਂ ਦਸਤਾਰ ਸਜਾਉਣ ਦਾ ਮੁਕਾਬਲਾ ਕਰਵਾਇਆ ਗਿਆ । ਜਿਸ ਮੁਕਾਬਲੇ ਵਿੱਚ ਤਕਰੀਬਨ 250




ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਜਿਸ ਵਿੱਚ ਉਮਰ ਦੇ ਹਿਸਾਬ ਨਾਲ ਬੱਚਿਆਂ ਨੇ ਦਸਤਾਰ ਬੰਦੀ ਮੁਬਾਕਬਲੇ ਵਿੱਚ ਹਿੱਸਾ ਲਿਆ ਜਿਵੇ ਕੇ 8 ਸਾਲ ਤੋਂ 14 ਸਾਲ ਤੱਕ ਤੇ 15 ਤੋਂ 18 ਸਾਲ ਤੱਕ ਦੇ ਬੱਚਿਆਂ ਵਿੱਚ ਮੁਕਾਬਲੇ ਹੋਏ । ਓਥੇ ਹੀ ਪੰਥ ਰਤਨ ਜਥੇਦਾਰ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਵੱਲੋਂ ਦਸਤਾਰ ਬੰਦੀ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਵੀ ਦਿਲ ਖਿੱਚਵਾਂ ਸਨਮਾਨ ਕੀਤਾ ਅਤੇ ਨਾਲ ਹੀ ਸਿੱਖਿਆ ਖੇਤਰ ਵਿੱਚ ਵੀ ਮੱਲਾਂ ਮਾਰਨ ਵਾਲੇ ਬੱਚਿਆਂ ਦਾ ਮਾਨ ਸਨਮਾਨ ਕੀਤਾ ਗਿਆ । ਜਿੱਥੇ ਕੇ ਇਸ ਵਾਰ ਇੱਕ ਸਿੱਖ ਨੌਜਵਾਨ ਬੱਚਾ ਜਗਰੂਪ ਸਿੰਘ ਜੋ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਸੀਨੀਅਰ ਸਕੈਡਰੀ ਸਕੂਲ ਕੁੰਡੇਸਰੀ ਦਾ 12ਵੀਂ ਜਮਾਤ ਦਾ ਵਿਦਿਆਰਥੀ ਨੇ 2022 /23 ਸਾਲ ਚੋਂ ਨੌਂਨ -ਮੈਡੀਕਲ ਵਿੱਚੋਂ 92% ਨੰਬਰ ਹਾਸਲ ਕਰਕੇ ਪੂਰੀ ਸਟੇਟ ਉਤਰਾਖੰਡ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਤੇ ਆਪਣਾ ਨਾਮ ਤੇ ਆਪਣੇ ਸਕੂਲ ਦਾ ਨਾਮ ਤਾਰੇ ਵਾਂਗ ਚਮਕਾਇਆ ਜਿਸ ਨੂੰ "ਖਾਲਸਾ ਸਮਾਜ ਸੇਵਾ ਸੁਸਾਇਟੀ ਨਨਕਾਣਾ ਸਾਹਿਬ ਕਾਸੀਪੁਰ ਤੇ ਪੰਥ ਰਤਨ ਜਥੇਦਾਰ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆਂ ਵੱਲੋਂ ਇੱਕ ਯਾਦਗਾਰੀ ਸਿਰਾਟੀਫਿਕੇਟ ਅਤੇ ਇੱਕ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ ਓਥੇ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਸੀਨੀਅਰ ਸਕੈਡਰੀ ਸਕੂਲ ਕੁੰਡੇਸਰੀ ਮੁੱਖ ਅਧਿਆਪਕ ਬੀ ਕੇ ਮਲਿਕ ਜੀ ਨੇ ਵੀ ਆਪਣੇ ਸਕੂਲ ਦੇ ਵਿਧਿਆਰਥੀ ਜਗਰੂਪ ਸਿੰਘ ਤੇ ਮਾਣ ਹਾਸਲ ਕੀਤਾ ਤੇ ਉਸਨੂੰ ਅੱਗੇ ਵਧਣ ਦੀਆਂ ਸ਼ੁਭਕਾਮਨਾਵਾ ਦਿੱਤੀਆਂ ਓਥੇ ਹੀ ਜਗਰੂਪ ਸਿੰਘ ਦੇ ਪਿਤਾ ਸਾਬਕਾ ਸੂਬੇਦਾਰ ਬਾਵਾ ਸਿੰਘ ਨੇ ਡੇਲੀ ਟਾਈਮ ਨਿਊਜ਼ ਨਾਲ ਗੱਲ ਕਰਦਿਆਂ ਕਿਹਾ ਕੇ ਸਾਨੂੰ ਆਪਣੇ ਬੇਟੇ ਮਾਣ ਮਹਿਸੂਸ ਹੋ ਰਿਹਾ ਹੈ ਜਿਸ ਨੇ ਸਾਰੀ ਸਟੇਟ ਵਿੱਚੋਂ ਪਹਿਲੇ ਨੰਬਰ ਤੇ ਆ ਕੇ ਸਾਡਾ ਤੇ ਸਾਰੇ ਕਾਸ਼ੀਪੁਰ ਦਾ ਨਾਮ ਉੱਚਾ ਕੀਤਾ ਹਰ ਪਾਸੇ ਤੋਂ ਹੀ ਬੇਟੇ ਦੀ ਇਸ ਕਾਮਯਾਬੀ ਲਈ ਵਧਾਈਆਂ ਤਾਂਤੇ ਲੱਗੇ ਹੋਏ ਹਨ ਉਨ੍ਹਾਂ ਏਵੀ ਦੱਸਿਆ ਕੇ ਇਸ ਸਮੇਂ ਬੇਟਾ ਦਿੱਲੀ ਯੂਨੀਵਰਸਿਟੀ (ਦਿੱਲੀ) ਵਿੱਚ ਆਪਣੀ ਪੜ੍ਹਾਈ ਪੜ੍ਹਾਈ ਕਰ ਰਿਹਾ ਹੈ ਅਸੀਂ ਧੰਨਵਾਦੀ ਹੈ ਜਿੰਨ੍ਹਾਂ ਨੇ ਜਗਰੂਪ ਸਿੰਘ ਦੀ ਕਾਮਯਾਬੀ ਉਪਰ ਜਗਰੂਪ ਸਿੰਘ ਨੂੰ ਏਨਾ ਮਾਣ ਬਖਸ਼ਿਆ।

## ਰਾਸ਼ਟਰੀ ਕਾਵਿ ਸਾਗਰ ਪਟਿਆਲਾ ਦੇ ਉੱਦਮ ਨਾਲ ਕਿਤਾਬ ਲੋਕ ਅਰਪਣ ਤੇ ਕਵੀ ਦਰਬਾਰ

ਫਰੀਦਕੋਟ 15 ਅਪ੍ਰੈਲ : ਬੀਤੇ ਦਿਨੀ ਰਾਸ਼ਟਰੀ ਕਾਵਿ ਸਾਗਰ ਪਟਿਆਲਾ ਦੇ ਉੱਦਮ ਸਦਕਾ ਕਿਤਾਬ ਲੋਕ ਅਰਪਣ ਅਤੇ ਕਵੀ ਦਰਬਾਰ ਪਟਿਆਲਾ ਦੇ ਰੋਟਰੀ ਕਲੱਬ ਵਿਖੇ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਪ੍ਰਸਿੱਧ ਗ਼ਜ਼ਲਗੋ ਮੈਡਮ ਗੁਰਚਰਨ ਕੋਚਰ ਨੇ ਕੀਤੀ।ਇਸ ਸਮਾਗਮ ਵਿੱਚ ਲੋਕਲ ਸਾਹਿਤਕਾਰਾਂ , ਕਵੀਆਂ ਤੇ ਬੁੱਧੀਜੀਵੀਆਂ ਤੋਂ ਇਲਾਵਾ ਦੂਰ ਨੇੜੇ ਤੋਂ ਆਏ




ਬੁੱਧੀਜੀਵੀਆਂ , ਕਵੀਆਂ ਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਰਾਸ਼ਟਰੀ ਕਾਵਿ ਸਾਗਰ ਦੀ ਪ੍ਰਧਾਨ ਸ੍ਰੀਮਤੀ ਆਸ਼ਾ ਸ਼ਰਮਾ ਪਟਿਆਲਾ ਦੇ ਵਿਸ਼ੇਸ਼ ਸੱਦੇ ਤੇ ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੇ ਜਨਰਲ ਸਕੱਤਰ ਇਕਬਾਲ ਘਾਰੂ ਅਤੇ ਸਭਾ ਦੇ ਸਹਾਇਕ ਪ੍ਰਚਾਰ ਸਕੱਤਰ ਪ੍ਰਸਿੱਧ ਨੌਜਵਾਨ ਲੇਖਕ ਵਤਨਵੀਰ ਜ਼ਖਮੀ ਨੇ ਵਿਸ਼ੇਸ਼ ਤੌਰ ਤੇ ਭਾਗ ਲਿਆ ਅਤੇ ਸਭਾ ਦੀ ਨੁਮਾਇੰਦਗੀ ਕੀਤੀ। ਹਾਜ਼ਰ ਦੋਵਾਂ ਲੇਖਕਾਂ ਨੇ ਆਪਣੀਆਂ ਚਰਚਿਤ ਰਚਨਾਵਾਂ ਸੁਣਾ ਕੇ ਕਵੀ ਦਰਬਾਰ ਵਿੱਚ ਖੂਬ ਰੰਗ ਬਿਖੇਰਿਆ ਅਤੇ ਭਰੇ ਪੰਡਾਲ ਚੋ ਵਾਹਵਾ ਖੱਟੀ। ਸਮਾਗਮ ਦੇ ਅਖੀਰ ਵਿੱਚ ਰਾਸ਼ਟਰੀ ਕਾਵਿ ਸਾਗਰ ਦੀ ਪ੍ਰਧਾਨ ਕਵਿੱਤਰੀ ਆਸ਼ਾ ਸ਼ਰਮਾ ਜੀ ਨੇ ਇਕਬਾਲ ਘਾਰੂ ਅਤੇ ਵਤਨਵੀਰ ਜ਼ਖਮੀ ਨੂੰ ਸਨਮਾਨ ਪੱਤਰ ਅਤੇ ਆਪਣੀਆਂ ਲੋਕ ਅਰਪਣ ਹੋਈਆਂ ਕਿਤਾਬਾਂ ਦਾ ਇੱਕ ਇੱਕ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਦੇ ਇਸ ਸਾਹਿਤਕ ਸਮਾਗਮ ਵਿੱਚ ਪਹੁੰਚਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਉਪਰੰਤ ਸ੍ਰੀ ਇਕਬਾਲ ਘਾਰੂ ਅਤੇ ਵਤਨਵੀਰ ਜ਼ਖਮੀ ਨੇ ਰਾਸ਼ਟਰੀ ਕਾਵਿ ਸਾਗਰ ਪਟਿਆਲਾ ਵੱਲੋਂ ਮਿਲੇ ਇਸ ਮਾਨ ਸਨਮਾਨ ਲਈ ਪ੍ਰਧਾਨ ਆਸ਼ਾ ਸ਼ਰਮਾ , ਜਨਰਲ ਸਕੱਤਰ ਉਮਾ ਸ਼ਰਮਾ ਅਤੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਅੰਬੇਡਕਰ ਜੀ ਦੇ 133ਵੇਂ ਜਨਮ ਦਿਵਸ ਨੂੰ ਸਮਰਪਿਤ ਕਰਵਾਇਆ ਗਿਆ 'ਜੈ ਭੀਮ ਪੈਦਲ ਮਾਰਚ'

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 15 ਅਪ੍ਰੈਰਲ : ਸੋਹੰ ਸਪੋਰਟਸ ਐਂਡ ਕਲਚਰਲ ਸੁਸਾਇਟੀ ਅਤੇ ਬਾਬਾ ਸਾਹਿਬ ਐਜੂਕੇਸ਼ਨਲ ਸੁਸਾਇਟੀ ਕੋਟਕਪੂਰਾ ਵਲੋਂ ਸਵੇਰੇ 5:30 ਤੋਂ ਕੋਟਕਪੂਰਾ 'ਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 133ਵੇਂ ਜਨਮ ਦਿਵਸ ਨੂੰ ਸਮਰਪਿਤ 'ਜੈ ਭੀਮ ਪੈਦਲ ਮਾਰਚ' ਕਰਵਾਇਆ ਗਿਆ, ਜਿਸ 'ਚ ਵੱਡੀ ਗਿਣਤੀ 'ਚ ਸ਼ਹਿਰ ਨਿਵਾਸੀਆਂ ਵੱਲੋਂ ਬਾਬਾ ਸਾਹਿਬ ਜੀ ਦੀ ਟੀ-



ਸ਼ਰਟ ਪਾ ਕੇ ਅਤੇ ਸਲੋਗਨ ਪੋਸਟਰ ਲਾ ਕੇ ਸ਼ਿਰਕਤ ਕੀਤੀ ਗਈ। ਇਹ ਪੈਦਲ ਮਾਰਚ ਗੁਰੂ ਰਵਿਦਾਸ ਮੰਦਰ ਪ੍ਰੇਮ ਨਗਰ ਕੋਟਕਪੂਰਾ ਤੋਂ ਸੁਰੂ ਹੋ ਕੇ ਸਿੱਖਾਂਵਾਲਾ ਰੋਡ, ਫਰੀਦਕੋਟ ਰੋਡ ਤੋਂ ਮੇਨ ਚੌਂਕ, ਮਹਿਤਾ ਚੌਂਕ, ਦਾਣਾ ਮੰਡੀ, ਗੀਤਾ ਭਵਨ, ਫੈਕਟਰੀ ਰੋਡ, ਮੁਕਤਸਰ ਰੋਡ, ਸੁਰਗਾਪੁਰੀ, ਭਗਵਾਨ ਵਾਲਮੀਕੀ ਚੌਂਕ ਤੋਂ ਹੁੰਦਾ ਹੋਇਆ ਮੁੱਖ ਬੱਤੀਆਂ ਵਾਲੇ ਚੌਂਕ ਰਾਹੀ ਵਾਪਸ ਗੁਰੂ ਰਵਿਦਾਸ ਮੰਦਰ ਪ੍ਰੇਮ ਨਗਰ ਵਿਖੇ ਸਮਾਪਤ ਹੋਇਆ। ਇਸ ਦੌਰਾਨ ਸਮੁੱਚੇ ਰਸਤੇ 'ਚ ਮਾਰਚ ਦਾ ਭਰਵਾਂ ਸੁਆਗਤ ਕੀਤਾ ਗਿਆ ਅਤੇ ਚਾਹ-ਪਾਣੀ ਤੇ ਰਿਫੈਰਸਮੈਂਟ ਰਾਹੀ ਸੇਵਾ ਕੀਤੀ ਗਈ। 'ਜੈ ਭੀਮ ਪੈਦਲ ਮਾਰਚ ਦੀ ਅਗਵਾਈ ਬਾਲ ਕ੍ਰਿਸ਼ਨ ਅਤੇ ਸੋਹੰ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਰਾਜ ਕੁਮਾਰ ਰੰਗਾ (ਕੋਚਰ) ਨੇ ਕੀਤੀ। ਇਸ 'ਚ ਬਾਬਾ ਸਾਹਿਬ ਜੀ ਦੀ ਜੀਵਨੀ, ਵਿਚਾਰਾਂ ਅਤੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਣ 'ਚ ਐਡਵੋਕੇਟ ਅਵਤਾਰ ਕ੍ਰਿਸ਼ਨ ਅਤੇ ਸੰਦੀਪ ਕੁਮਾਰ ਭੰਡਾਰੀ ਨੇ ਬਾਖੂਬੀ ਭੂਮਿਕਾ ਨਿਭਾਈ। ਇਸ ਪੈਦਲ ਮਾਰਚ 'ਚ ਵੱਖ-ਵੱਖ ਥਾਵਾਂ 'ਤੇ ਮਨੋਹਰ ਲਾਲ, ਮੈਡਮ ਗੁਰਬਿੰਦਰ ਕੌਰ, ਗੁਰਪ੍ਰੀਤ ਸਿੰਘ, ਰਵਿੰਦਰ ਸਿੰਘ, ਬਲਜੀਤ ਸਿੰਘ ਖੀਵਾ, ਸੋਨੂੰ ਗਰਗ, ਸੁਨੀਤਾ ਗਰਗ, ਸਤਨਾਮ ਸਿੰਘ ਅਤੇ ਖਾਸ ਤੌਰ 'ਤੇ ਪ੍ਰਵੀਨ ਕੁਮਾਰ ਪੂਨੀਆ ਵੱਲੋਂ ਸੰਬੋਧਨ ਕੀਤਾ ਗਿਆ।

## ਹੱਥੀਂ ਤੋਰੇ ਸੱਜਣਾਂ ਨੂੰ ਨਾਲੇ ਯਾਦ ਕਰਾਂ, ਨਾਲੇ ਰੋਵਾਂ।

### ਆਪਣੇ ਬੀਬੀ ਜੀ ਸਰਦਾਰਨੀ ਤੇਜ ਕੌਰ ਨੂੰ ਯਾਦ ਕਰਦਿਆਂ

ਵਰਲਡ ਪੰਜਾਬੀ ਟਾਈਮਜ਼
ਪ੍ਰੋ ਸੁਖਵੰਤ ਸਿੰਘ ਗਿੱਲ



ਅੱਜ 12 ਅਪ੍ਰੈਲ 2024 ਦਾ ਦਿਨ ਹੈ। ਅੱਜ ਤੋਂ 17 ਸਾਲ ਪਹਿਲਾਂ ਸਾਡੇ ਬੀਬੀ ਜੀ ਨੇ 12 ਅਪ੍ਰੈਲ 2007 ਨੂੰ ਸ਼ਾਮ 8 ਵਜੇ ਦੇ ਕਰੀਬ ਐਸਕੋਰਟ ਹਸਪਤਾਲ ਅੰਮ੍ਰਿਤਸਰ ਦੇ ਆਈ ਸੀ ਯੂ ਵਿੱਚ ਆਖ਼ਰੀ ਸਾਹ ਲਿਆ ਸੀ। ਯਾਦ ਕਰ ਰਿਹਾ ਹਾਂ ਕਿ 10 ਅਪ੍ਰੈਲ 2007 ਨੂੰ ਦੁਪਹਿਰ ਵੇਲੇ ਅਰਬਨ ਅਸਟੇਟ ਵਾਲੇ ਬਟਾਲਾ ਵਾਲੇ ਘਰ ਦੇ ਬਾਹਰਲੇ ਬਰਾਂਡੇ ਵਿੱਚ ਉਹਨਾਂ ਦਾ ਬੈੱਡ ਲਾਇਆ ਹੋਇਆ ਸੀ। ਮੈਂ ਬੀਬੀ ਜੀ ਨੂੰ ਦੁਪਹਿਰ ਵੇਲੇ ਕੋਲ ਬਹਿ ਕੇ ਇਕ ਵਜੇ ਰੋਟੀ ਖਵਾਈ ਸੀ। ਬੀਬੀ ਜੀ ਬਹੁਤ ਕਮਜ਼ੋਰ ਸਨ। ਖ਼ੁਦ ਨਹੀਂ ਸਨ ਚੱਲ ਸਕਦੇ। ਮੈਂ ਪਹਿਲੀ ਜੂਨ 2004 ਨੂੰ ਗੌਰਮਿੰਟ ਕਾਲਿਜ ਗੁਰਦਾਸਪੁਰ ਤੋਂ ਰਿਟਾਇਰ ਹੋ ਚੁੱਕਾ ਸਾਂ। ਬੇਟਾ ਮਨਜੋਤ ਅਤੇ ਬੇਟੀ ਮਨਿੰਦਰ ਦੀ ਸ਼ਾਦੀ ਕਰ ਚੁੱਕਾ ਸਾਂ। ਮਨਿੰਦਰ ਇੰਗਲੈਂਡ ਆਪਣੇ ਸਹੁਰੇ ਘਰ ਰਹਿ ਰਹੀ ਸੀ ਅਤੇ ਮਨਜੋਤ ਬਟਾਲੇ ਦੇ ਐਚ ਡੀ ਐਫ ਸੀ ਬੈਂਕ ਵਿੱਚ ਕੰਮ ਕਰਦਾ ਸੀ। ਰੋਟੀ ਖਾਣ ਤੋਂ ਬਾਅਦ ਉਸ ਦਿਨ ਅਚਾਨਕ ਬੀਬੀ ਜੀ ਮੈਨੂੰ ਕਹਿਣ ਲੱਗੇ, "ਸੁੱਖ! ਹੁਣ ਮੈਨੂੰ ਬਹੁਤ ਠੰਢ ਲੱਗ ਰਹੀ ਏ। ਮੇਰੇ ਉੱਪਰ ਕੰਬਲ ਦੇ ਦੇ" ਮੈਂ ਉਹਨਾਂ ਉੱਪਰ ਕੰਬਲ ਦੇ ਦਿੱਤਾ। ਪਰ ਠੰਡ ਖਹਿੜਾ ਨਹੀਂ ਸੀ ਛੱਡ ਰਹੀ। ਕੰਬਲ ਦੇ ਨਾਲ ਇੱਕ ਰਜਾਈ ਹੋਰ ਉਹਨਾਂ ਉੱਪਰ ਦੇ ਦਿੱਤੀ ਗਈ। ਇਸ ਤੋਂ ਬਾਅਦ ਫਿਰ ਇਕ ਹੋਰ ਰਜਾਈ। ਪਰ ਬੀਬੀ ਜੀ ਕੰਬੀ ਜਾ ਰਹੇ ਸਨ।

ਮੈਂ ਟੈਲੀਫੋਨ ਕਰਕੇ ਮਨਜੋਤ ਨੂੰ ਬੀਬੀ ਜੀ ਬਾਰੇ ਦੱਸਿਆ। ਉਹ ਸਵੇਰੇ 11 ਵਜੇ ਬੀਬੀ ਜੀ ਵਾਸਤੇ ਇੱਕ ਪਹੀਆਂ ਵਾਲੀ ਕੁਰਸੀ ਖਰੀਦ ਕੇ ਦੇ ਗਿਆ ਸੀ, ਤਾਂ ਜੋ ਮੈਂ ਬੀਬੀ ਜੀ ਨੂੰ ਪਲਾਸਟਿਕ ਦੀ ਕੁਰਸੀ ਉਪਰ ਬਿਠਾ ਕੇ ਘੜੀਸਣ ਦੀ ਥਾਂ ਇਸ ਨਵੀਂ ਕੁਰਸੀ ਰਾਹੀਂ ਕਮਰੇ/ਬਾਥਰੂਮ ਵਿੱਚ ਆਸਾਨੀ ਨਾਲ ਲਿਜਾ ਸਕਾਂ। ਉਹ ਬਹੁਤ ਜਲਦੀ ਘਰ ਪਹੁੰਚ ਗਿਆ। ਮੈਂ ਆਪਣੇ ਪਰਿਵਾਰਕ ਦੋਸਤ ਅਤੇ ਸਰਜਨ ਡਾ ਰਵਿੰਦਰ ਪਾਲ ਸਿੰਘ (ਰਵੀ ਹਸਪਤਾਲ ਬਟਾਲਾ) ਨਾਲ ਸਲਾਹ ਕੀਤੀ। ਉਹਨਾਂ ਸਲਾਹ ਦਿੱਤੀ ਕਿ ਬੀਬੀ ਜੀ ਨੂੰ ਡਾ ਅਸ਼ਵਨੀ ਮਹਾਜਨ ਜੀ ਨੂੰ ਵਿਖਾਉ। ਨਾਲ ਹੀ ਉਨ੍ਹਾਂ ਬੀਬੀ ਜੀ ਬਾਰੇ ਡਾ. ਸਾਹਿਬ ਨੂੰ ਫੋਨ ਕਰ ਦਿੱਤਾ। ਇੱਥੇ ਇਹ ਦੱਸ ਦਿਆਂ ਕਿ ਸਾਡੇ ਬਟਾਲੇ ਅੰਦਰ ਮੈਡੀਸਿਨ ਦੇ ਸ਼੍ਰੀ ਅਸ਼ਵਨੀ ਮਹਾਜਨ ਨਾਂ ਦੇ ਇੱਕ ਸਿਆਣੇ ਡਾਕਟਰ ਸਾਹਿਬ ਨੇ ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ ਬਟਾਲਾ ਦੇ ਨਜ਼ਦੀਕ ਆਪਣਾ ਮਹਾਜਨ ਹਸਪਤਾਲ ਬਣਾਇਆ ਹੋਇਆ ਹੈ। ਅਸੀਂ ਬੀਬੀ ਜੀ ਨੂੰ ਲੈਕੇ ਹਸਪਤਾਲ ਪਹੁੰਚ ਗਏ। ਡਾ ਸਾਹਿਬ ਨੇ ਬੀਬੀ ਜੀ ਨੂੰ ਚੈੱਕ ਕੀਤਾ। ਉਹਨਾਂ ਦੱਸਿਆ ਕਿ ਇਹਨਾਂ ਦਾ "ਪੇਸ ਮੇਕਰ" ਇਸ ਵੇਲੇ ਕੰਮ ਨਹੀਂ ਕਰ ਰਿਹਾ, ਇਸ ਲਈ ਇਹਨਾਂ ਨੂੰ ਐਸਕੋਰਟ ਹਸਪਤਾਲ ਅੰਮ੍ਰਿਤਸਰ ਲੈ ਜਾਵੋ।

ਅਸੀਂ ਸਾਰੇ ਆਮ ਤੌਰ ਤੇ ਭਾਰੀ ਖਰਚਿਆਂ ਕਾਰਨ ਐਸਕੋਰਟ ਹਸਪਤਾਲ ਅੰਮ੍ਰਿਤਸਰ ਦਾ ਨਾਂ ਸੁਣਦਿਆਂ ਸਾਰ ਹੀ ਘਬਰਾ ਜਾਂਦੇ ਹਾਂ। ਸੋ ਮੈਂ ਵੀ ਘਬਰਾ ਗਿਆ। ਹਸਪਤਾਲ ਤੋਂ ਘਰ ਵਾਪਸ ਆਏ। ਉਸ ਸਮੇਂ 30000 ਰੁਪਏ ਕੈਸ਼ ਸਾਡੇ ਕੋਲ ਘਰ ਵਿੱਚ ਸੀ। ਸੋ ਜਿੰਨੇ ਕੁ ਪੈਸੇ ਘਰ ਵਿੱਚ ਹੈ ਸਨ, ਲੈ ਕੇ ਤੁਰ ਪਏ। ਬੀਬੀ ਜੀ ਬਹੁਤ ਤੰਗ ਸਨ। "ਹਾਏ! ਮੈਨੂੰ ਬਚਾ ਲਵੋ।

ਮੈਂ ਉਹਨਾਂ ਦੀ ਇਹ ਵਿਲਕਣੀ ਸੁਣ ਕੇ ਬਹੁਤ ਪਰੇਸ਼ਾਨ ਹੋ ਰਿਹਾ ਸਾਂ। ਮੈਂ ਵੱਡੇ ਤੋਂ ਵੱਡੇ ਦੁੱਖ ਵੇਲੇ ਵੀ ਆਪਣੀ ਮਾਂ ਦਾ ਇਹ ਬੇਬਸ ਰੂਪ ਨਹੀਂ ਸੀ ਕਦੇ ਵੇਖਿਆ। ਪਰ ਕੁਝ ਨਹੀਂ ਸੀ ਕਰ ਸਕਦਾ। ਮੈਂ ਟੈਲੀਫੋਨ ਰਾਹੀਂ ਅੰਮ੍ਰਿਤਸਰ ਆਪਣੇ ਬੇਟੇ ਦੇ ਮਾਮਾ ਜੀ ਪ੍ਰੋ. ਰਾਜਿੰਦਰ ਸਿੰਘ ਧਾਲੀਵਾਲ ਨੂੰ ਦੱਸਿਆ ਕਿ ਅਸੀਂ ਬੀਬੀ ਜੀ ਨੂੰ ਲੈਕੇ ਐਸਕੋਰਟ ਹਸਪਤਾਲ ਅੰਮ੍ਰਿਤਸਰ ਆ ਰਹੇ ਹਾਂ। ਮੈਂ ਉਹਨਾਂ ਨੂੰ ਫੌਰੀ 50000 ਰੁਪਿਆਂ ਦਾ ਪ੍ਰਬੰਧ ਕਰ ਕੇ ਲਿਆਉਣ ਲਈ ਵੀ ਕਿਹਾ।

ਮਨਜੋਤ ਸੜਕ ਉੱਪਰ ਕਾਰ ਭਜਾਈ ਜਾ ਰਿਹਾ ਸੀ। ਉਹ ਇਸ ਵਕਤ ਸਗੋਂ ਕਾਰ ਨੂੰ ਹਵਾ ਵਿੱਚ ਉਡਾ ਰਿਹਾ ਸੀ ਅਤੇ ਨਾਲ ਹੀ ਬੀਬੀ ਜੀ ਨੂੰ "ਬੀਬੀ ਜੀ ਪਹੁੰਚ ਗਏ ਹਾਂ" ਕਹਿੰਦਾ ਦਿਲਾਸਾ ਦੇਈ ਜਾ ਰਿਹਾ ਸੀ। ਮੇਰੇ ਕੋਲੋਂ ਬੀਬੀ ਜੀ ਦੀ ਇਹ ਹਾਲਤ ਵੇਖੀ ਨਹੀਂ ਸੀ ਜਾ ਰਹੀ। ਮੇਰੇ ਅੱਥਰੂ ਇਹ ਸੋਚ ਕੇ ਨਹੀਂ ਸਨ ਰੁਕ ਰਹੇ ਕਿ "ਜੇਕਰ ਬੀਬੀ ਜੀ ਨੂੰ ਕੁਝ ਹੋ ਗਿਆ, ਤਾਂ ਮੈਂ ਆਪਣੇ ਭੈਣ ਜੀ ਤੇ ਭਰਾਵਾਂ ਨੂੰ ਕੀ ਜਵਾਬ ਦੇਵਾਂਗਾ?" ਅੱਧੇ ਘੰਟੇ ਦੇ ਅੰਦਰ ਹੀ ਮਨਜੋਤ ਕਾਰ ਨੂੰ ਹਸਪਤਾਲ ਲੈ ਆਇਆ। ਹਸਪਤਾਲ ਦਾ ਪੈਰਾ ਮੈਡੀਕਲ ਸਟਾਫ ਬੀਬੀ ਜੀ ਨੂੰ ਹਸਪਤਾਲ ਦੇ ਅੰਦਰ ਲੈ ਗਿਆ। ਮੈਂ ਰਿਸੈਪਸ਼ਨ ਉੱਪਰ ਜਾ ਕੇ ਫਾਈਲ ਤਿਆਰ ਕਰਵਾਈ ਅਤੇ ਕੁਝ ਐਡਵਾਂਸ ਪੈਸੇ ਜਮ੍ਹਾਂ ਕਰਵਾ ਦਿੱਤੇ। ਇਲਾਜ ਸ਼ੁਰੂ ਹੋ ਗਿਆ।

ਬੀਬੀ ਜੀ ਆਈ ਸੀ ਯੂ ਵਿੱਚ ਸਨ। ਹਾਲਾਤ ਨਾਜ਼ੁਕ ਸਨ। ਮੈਂ ਆਪਣੇ ਭੈਣ ਭਰਾਵਾਂ ਨੂੰ ਇਸ ਸਾਰੇ ਕੁਝ ਬਾਰੇ ਨਾਲੋ ਨਾਲ ਜਾਣਕਾਰੀ ਦੇਈ ਜਾ ਰਿਹਾ ਸੀ। ਪਰ ਹੁਣ ਤਾਂ ਸਾਰਾ ਮਸਲਾ ਡਾਕਟਰਾਂ ਅਤੇ ਬੀਬੀ ਜੀ ਦਰਮਿਆਨ ਸੀ। ਸ਼ਾਮ ਨੂੰ ਮਨਜੋਤ ਦੇ ਵੇਰਕੇ ਵਾਲੇ ਮਾਸੀ ਜੀ ਦਾ ਅਤੇ ਅੰਮ੍ਰਿਤਸਰ ਤੋਂ ਮਾਮਾ ਜੀ ਦਾ ਪਰਿਵਾਰ ਮੇਰੇ ਕੋਲ ਪੁੱਜ ਗਏ ਸਨ। ਕੁਝ ਦੇਰ ਬਾਅਦ ਮੇਰੇ ਮਰਹੂਮ ਦੋਸਤ ਡਾ ਰਵਿੰਦਰ ਪਾਲ ਸਿੰਘ (ਰਵੀ ਹਸਪਤਾਲ ਬਟਾਲਾ) ਵੀ ਬਟਾਲਿਓਂ ਸ਼ਾਮ ਨੂੰ ਹਸਪਤਾਲ ਆ ਗਏ ਸਨ। ਉਹਨਾਂ ਦੇ ਆਉਣ ਨਾਲ ਮੈਨੂੰ ਬਹੁਤ ਹੌਂਸਲਾ ਹੋਇਆ। ਉਹਨਾਂ ਸਬੰਧਤ ਡਾਕਟਰ ਸਾਹਿਬ ਤੋਂ ਜਾਣਕਾਰੀ ਪ੍ਰਾਪਤ ਕੀਤੀ। ਡਾ. ਰਵੀ ਦਾ ਬੀਬੀ ਜੀ ਬਾਪੂ ਨਾਲ ਬਹੁਤ ਪਿਆਰ ਸੀ। "ਵੇਖੋ, ਕੁਝ ਕਹਿ ਨਹੀਂ ਸਕਦੇ। ਟਰੀਟਮੈਂਟ ਠੀਕ ਦੇ ਰਹੇ ਹਨ।" ਕਹਿ ਕੇ ਮੈਨੂੰ ਹੌਂਸਲਾ ਦੇ ਕੇ ਚਲੇ ਗਏ। ਮਨਜੋਤ ਨੂੰ ਬੈਂਕ ਵਿੱਚੋਂ ਹੋਰ ਪੈਸੇ ਲਿਆਉਣ ਲਈ ਬਟਾਲੇ ਵਾਪਸ ਭੇਜ ਦਿੱਤਾ ਕਿਉਂਕਿ ਹਸਪਤਾਲ ਵਿੱਚ ਹੁਣ ਮੇਰਾ ਕੰਮ ਪੈਸਾ ਜਮ੍ਹਾਂ ਕਰਵਾਉਣਾ ਅਤੇ ਹਸਪਤਾਲ ਵਾਲਿਆਂ ਦਾ ਕੰਮ ਬੀਬੀ ਜੀ ਨੂੰ ਬਚਾਉਣ ਲਈ ਆਪਣੀ ਕੋਸ਼ਿਸ਼ ਕਰਨੀ ਸੀ। ਟੈਲੀਫੋਨ ਹੋ ਰਹੇ ਸਨ। ਇਲਾਜ ਚੱਲ ਰਿਹਾ ਸੀ। ਬੀਬੀ ਜੀ ਨੂੰ ਆਈ ਸੀ ਯੂ ਵਿੱਚ ਕੇਵਲ ਦੇਖ ਹੀ ਸਕਦੇ ਸਾਂ, ਕੁਝ ਬੋਲ ਨਹੀਂ ਸੀ ਸਕਦੇ ਕਿਉਂਕਿ ਬੀਬੀ ਜੀ ਦੀ ਬੋਲਣ ਸ਼ਕਤੀ ਖ਼ਤਮ ਹੋ ਚੁੱਕੀ ਸੀ। ਹੁਣ 11 ਅਪ੍ਰੈਲ ਆ ਗਈ ਸੀ। ਆਸ ਦੀ ਕਿਰਨ ਲੱਭਣ ਲਈ ਡਾਕਟਰਾਂ ਨੂੰ ਮਿਲ ਰਿਹਾ ਸੀ। ਪਰ ਹਰ ਵਾਰੀ ਆਸ ਦੀ ਥਾਂ ਬੇਆਸ ਹੋ ਰਿਹਾ ਸੀ। 11 ਅਪ੍ਰੈਲ ਰਾਤ ਤੱਕ ਡਾਕਟਰ ਵੀ ਬੇਆਸ ਲੱਗ ਰਹੇ ਸਨ। ਮਨਜੋਤ ਨੇ ਅੰਮ੍ਰਿਤਸਰ ਬਟਾਲਾ ਇੱਕ ਕੀਤਾ ਹੋਇਆ ਸੀ। ਹੁਣ 12 ਅਪ੍ਰੈਲ ਹੋ ਗਈ ਸੀ। ਲੁਧਿਆਣੇ ਤੋਂ ਵੱਡੇ ਭਾ ਜੀ ਜਸਵੰਤ ਤੇ ਗੁਰਭਜਨ ਵੀ ਹਸਪਤਾਲ ਪਹੁੰਚ ਗਏ ਸੀ। ਪਰ ਸਾਡੇ ਵਿੱਚੋਂ ਕਿਸੇ ਦੇ ਵੱਸ ਵਿੱਚ ਕੁਝ ਵੀ ਨਹੀਂ ਸੀ। ਡਾਕਟਰ ਵੀ ਲਗਪਗ ਆਸ ਛੱਡ ਚੁੱਕੇ ਸਨ। ਇਸ ਸਾਰੀ ਸਥਿਤੀ ਬਾਰੇ ਸਾਰਿਆਂ ਨੂੰ ਜਾਣੂ ਕਰਵਾਇਆ ਜਾ ਚੁੱਕਾ ਸੀ। ਸ਼ਾਮ ਵੇਲੇ ਮਨਜੋਤ ਨੂੰ ਬਟਾਲੇ ਭੇਜ ਦਿੱਤਾ ਗਿਆ। ਗੁਰਭਜਨ ਵੀ ਬਹੁਤ ਮਾਯੂਸ ਸੀ। ਰਾਤ ਕੋਈ ਪੌਣੇ ਕੁ ਅੱਠ ਵਜੇ ਗੁਰਭਜਨ ਨੇ ਦਰਬਾਰ ਸਾਹਿਬ ਮੱਥਾ ਟੇਕਣ ਦੀ ਸਲਾਹ ਦਿੱਤੀ। ਅਸੀਂ ਕਾਰ ਪਾਰਕ ਕਰਕੇ ਦਰਬਾਰ ਸਾਹਿਬ ਮੱਥਾ ਟੇਕਣ ਜਾ ਰਹੇ ਸਾਂ ਕਿ ਹਸਪਤਾਲ ਵੱਲੋਂ ਟੈਲੀਫੋਨ ਉਪਰ ਸਾਨੂੰ ਮਨਹੂਸ ਖ਼ਬਰ ਮਿਲ ਗਈ ਕਿ ਸਾਡੇ ਬੀਬੀ ਜੀ ਹੁਣ ਇਸ ਦੁਨੀਆਂ ਤੇ ਹੁਣ ਨਹੀਂ ਰਹੇ। ਬੜਾ ਦੁੱਖ ਲੱਗਾ।

ਉਸ ਵਕਤ ਮੈਂ ਮਹਿਸੂਸ ਕੀਤਾ ਕਿ ਹੁਣ ਮੈਂ ਇੱਕਲਾ ਰਹਿ ਗਿਆ ਹਾਂ। ਇਸ ਤੋਂ ਲਗਪਗ 20 ਸਾਲ ਪਹਿਲਾਂ 8 ਜੁਲਾਈ 1987 ਨੂੰ ਬਾਪੂ ਜੀ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਸ ਵਕਤ ਮੈਂ ਮਹਿਸੂਸ ਕੀਤਾ ਸੀ ਕਿ ਸਾਡੇ ਭੈਣ ਭਰਾਵਾਂ ਉੱਪਰ ਜਿਹੜਾ ਤੰਬੂ ਤਣਿਆਂ ਹੋਇਆ ਸੀ,ਬਾਪੂ ਜੀ ਵੱਲੋਂ ਸਦੀਵੀ ਵਿਛੋੜੇ ਦੇਣ ਨਾਲ ਅੱਧਾ ਤੰਬੂ ਪਾਟ ਗਿਆ ਸੀ। ਇਸੇ ਤਰ੍ਹਾਂ ਬੀਬੀ ਜੀ ਦੇ 12 ਅਪ੍ਰੈਲ 2007 ਨੂੰ ਸ਼ਾਮ 8 ਵਜੇ ਸਾਨੂੰ ਸਦੀਵੀ ਵਿਛੋੜੇ ਦੇਣ ਨਾਲ ਮੈਂ ਮੁੜ ਮਹਿਸੂਸ ਕੀਤਾ ਕਿ ਸਾਡੇ ਭੈਣ ਭਰਾਵਾਂ ਉੱਪਰ ਜਿਹੜਾ ਇੱਕ ਅੱਧਾ ਤੰਬੂ ਰਹਿ ਗਿਆ ਸੀ, ਉਹ ਅੱਧਾ ਤੰਬੂ ਵੀ ਖ਼ਤਮ ਹੋ ਗਿਆ ਸੀ। ਇਹ ਬੀਬੀ ਜੀ ਅਤੇ ਬਾਪੂ ਜੀ ਮੇਰੇ ਇੱਕਲੇ ਦੇ ਨਹੀਂ ਸਨ, ਸਗੋਂ ਸਾਡੇ ਚੌਹਾਂ ਭੈਣ ਭਰਾਵਾਂ ਦੇ ਮਾਤਾ ਪਿਤਾ ਜੀ ਸਨ। ਪਰ ਮੇਰੇ ਵੱਲੋਂ ਇਹ ਮਹਿਸੂਸ ਕਰਨਾ ਕਿ ਹੁਣ ਮੈਂ ਇੱਕਲਾ ਰਹਿ ਗਿਆ ਹਾਂ ਇਸ ਕਰਕੇ ਸੀ, ਕਿਉਂਕਿ 1947 ਵਿੱਚ ਪਾਕਿਸਤਾਨ ਤੋਂ ਭਾਰਤ ਆਉਣ ਕਾਰਨ ਸਾਡੀਆਂ ਘਰੇਲੂ ਆਰਥਿਕ ਮਜਬੂਰੀਆਂ ਕਾਰਨ ਮੇਰੇ ਵੱਡੇ ਭੂਆ ਜੀ ਨੇ ਸਾਨੂੰ ਸਾਥ ਦਿੱਤਾ ਦਿੱਤਾ ਸੀ। ਜਦੋਂ ਮੇਰੇ ਵੱਡੇ ਭੈਣ ਜੀ1952 ਵਿੱਚ ਅਤੇ ਮੇਰੇ ਵੱਡੇ ਭਾਅ ਜੀ 1956 ਵਿੱਚ ਆਪਣੇ ਬੀਬੀ ਜੀ ਅਤੇ ਬਾਪੂ ਜੀ ਤੋਂ ਵੱਖ ਹੋ ਕੇ ਭੂਆ ਜੀ ਕੋਲ ਚਲੇ ਗਏ ਸਨ, ਤਾਂ ਉਸ ਵੇਲੇ ਮੇਰੀ ਉਮਰ ਕ੍ਰਮਵਾਰ 4 ਅਤੇ 8 ਸਾਲ ਸੀ। ਇਸੇ ਤਰ੍ਹਾਂ 1971 ਵਿੱਚ ਪੜ੍ਹਾਈ ਕਰਨ ਗੁਰਭਜਨ ਵੀ ਵੱਡੇ ਭਾਅ ਜੀ ਕੋਲ ਲੁਧਿਆਣੇ ਚਲਾ ਗਿਆ ਸੀ। ਸੋ, ਆਪਣੇ ਚੌਹਾਂ ਭੈਣ ਭਰਾਵਾਂ ਵਿਚੋਂ ਸਭ ਤੋਂ ਵੱਧ ਸਮਾਂ ਬੀਬੀ ਜੀ ਅਤੇ ਬਾਪੂ ਜੀ ਦੀ ਸੰਗਤ ਦਾ ਪਿੰਡ ਵਿੱਚ ਜਾਂ ਬਟਾਲੇ ਰਹਿੰਦਿਆਂ ਆਨੰਦ ਵੀ ਮਾਣਿਆ ਸੀ ਅਤੇ ਸਾਂਝੀਆਂ ਦੁੱਖ ਤਕਲੀਫਾਂ ਵੀ ਝੱਲੀਆਂ ਸਨ।

ਖੈਰ! ਵਾਪਸ ਆ ਕੇ ਬੀਬੀ ਜੀ ਦੇ ਦਰਸ਼ਨ ਕੀਤੇ। ਉਹ ਹੁਣ ਸਾਥੋਂ ਸਦਾ ਲਈ ਦੂਰ ਬਹੁਤ ਦੂਰ ਜਾ ਚੁੱਕੇ ਸਨ। ਹਸਪਤਾਲ ਵਾਲਿਆਂ ਨੇ ਬੀਬੀ ਜੀ ਦੀ ਦੇਹ ਨੂੰ ਫਰੀਜ਼ਰ ਵਿੱਚ ਰੱਖ ਦਿੱਤਾ। ਰਾਤ ਬੀਤਣ ਤੇ ਸਵੇਰੇ 13 ਅਪ੍ਰੈਲ 2007 ਨੂੰ ਲੋਕ ਤਾਂ ਵਿਸਾਖੀ ਦਾ ਤਿਉਹਾਰ ਮਨਾਉਣ ਲੱਗੇ ਹੋਏ ਸਨ ਪਰ ਅਸੀਂ ਆਪਣੇ ਬੀਬੀ ਜੀ ਦੀ ਦੇਹ ਨੂੰ ਐਂਬੂਲੈਂਸ ਰਾਹੀਂ ਅੰਤਿਮ ਸੰਸਕਾਰ ਕਰਨ ਲਈ ਬਟਾਲੇ ਲਿਆ ਰਹੇ ਸਾਂ। ਬਟਾਲੇ ਮਨਜੋਤ ਨੇ ਮੇਰੇ ਦੋਸਤਾਂ ਮਿੱਤਰਾਂ ਦੇ ਸਹਿਯੋਗ ਨਾਲ ਅੰਤਿਮ ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਕੁਝ ਦੇਰ ਘਰ ਵਿੱਚ ਲੋੜੀਂਦੀਆਂ ਰਸਮਾਂ ਤੋਂ ਬਾਅਦ ਜਲੰਧਰ ਰੋਡ ਉੱਪਰ ਪੁਰੀਆਂ ਵਾਲੇ ਸ਼ਮਸ਼ਾਨ ਘਾਟ ਵਿੱਚ ਬੀਬੀ ਜੀ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਅੱਜ ਫਿਰ 12 ਅਪ੍ਰੈਲ 2024 ਹੈ। ਕੱਲ੍ਹ 13 ਅਪ੍ਰੈਲ 2024 ਨੂੰ ਲੋਕ ਤਾਂ ਵਿਸਾਖੀ ਦਾ ਤਿਉਹਾਰ ਮਨਾਉਣਗੇ, ਪਰ ਅੱਜ ਮੈਂ ਇੱਕਲਾ ਘਰ ਬੈਠਾ ਕਦੇ ਉਹਨਾਂ ਨੂੰ ਯਾਦ ਕਰਕੇ ਰੋ ਲੈਂਦਾਂ ਹਾਂ ਅਤੇ ਮੁੜ ਇਹ ਸੋਚ ਕੇ ਚੁੱਪ ਕਰ ਜਾਂਦਾ ਹਾਂ ਕਿ ਕਿਧਰੇ ਮੇਰੇ ਨਜ਼ਦੀਕੀ ਇਹ ਨਾ ਕਹਿਣ ਕਿ "ਇਸ ਦੀ ਮਾਂ ਅਨੋਖੀ ਮਰੀ ਹੈ, ਸਾਰਿਆਂ ਦੇ ਹੀ ਮਾਂ ਬਾਪ ਇਕ ਨਾ ਇਕ ਦਿਨ ਮਰਨੇ ਹੁੰਦੇ ਹਨ। ਸੰਸਾਰ ਵਿੱਚ ਤਾਂ ਮਰਨ ਜੰਮਣ ਬਣਿਆ ਹੋਇਆ ਹੈ।" ਪਰ ਇਸ ਵਕਤ ਮੈਨੂੰ ਬਾਬੂ ਸਿੰਘ ਮਾਨ ਦੇ ਲਿਖੇ ਤੇ ਨਰਿੰਦਰ ਬੀਬਾ ਜੀ ਦੇ ਗਾਏ ਗੀਤ ਦੀਆਂ ਇਹ ਸਤਰਾਂ ਬਾਰ ਬਾਰ ਯਾਦ ਆ ਰਹੀਆਂ ਹਨ।

ਹੱਥੀਂ ਤੋਰੇ ਸੱਜਣਾਂ ਨੂੰ
ਨਾਲੇ ਯਾਦ ਕਰਾਂ, ਨਾਲੇ ਰੋਵਾਂ।

## ਛਪ ਰਹੀ ਨਵੀਂ ਕਿਤਾਬ 'ਏਨੀ ਮੇਰੀ ਬਾਤ' (ਬਾਲ ਬਾਤਾਂ) ਚੋਂ ਇਕ ਬਾਤ:

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ



ਸੰਡੇ ਵਾਲਾ ਦਿਨ ਸੀ। ਉਠਾਇਆਂ ਬਗੈਰ ਈਲੀ ਆਪਣੇ ਆਪ ਜਾਗ ਗਈ। ਜਦੋਂ ਕਦੀ ਸਕੂਲ ਜਾਣਾ ਹੋਵੇ ਤਾਂ ਉਸਨੂੰ ਜਗਾਉਣ ਲਈ ਲੱਖ ਤਰਲੇ ਕਰਨੇ ਪੈਂਦੇ। ਬੜੀ ਮਿਹਨਤ ਕਰਨੀ ਪੈਂਦੀ।

ਜਾਗੀ ਵੇਖ, ਦਾਦੀ ਮਾਂ ਨੇ ਈਲੀ ਲਈ ਬਨਾਨਾ ਛੇਕ ਅਤੇ ਸੈਂਡਵਿਚ ਪਰੋਸ ਦਿੱਤੇ। ਡਾਇਨਿੰਗ ਟੇਬਲ ਕੋਲ ਬੈਠੀ ਦੁੱਧ ਦੀ ਰੰਗਤ ਅਤੇ ਸੈਂਡਵਿੱਚ ਵੇਖਦੀ ਈਲੀ ਬੋਲੀ, 'ਮੈਨੂੰ ਬੋਰਨਵੀਟਾ ਵਾਲਾ ਮਿਲਕ ਤੇ ਚੋਕੋ ਬਿਸਕੁਟ ਚਾਹੀਦੇ'।

ਲਾਗਲੇ ਕਮਰੇ ਵਿਚ ਈਲੀ ਦੀ ਅੰਮੀ 'ਏਵਮ' ਨੂੰ ਖਿਡਾ ਰਹੀ ਸੀ। ਜਦੋਂ ਉਸਨੇ ਈਲੀ ਦੀ ਮੰਗ ਬਾਰੇ ਸੁਣਿਆ ਤਾਂ ਆਖਣ ਲੱਗੀ, 'ਈਲੀ ਬੇਟੇ! ਬੋਰਨਵੀਟਾ ਤੇ ਬਿਸਕੁਟ ਮੁੱਕੇ ਹੋਏ। ਸ਼ੇਕ ਪੀ ਕੇ ਦਾਦੀ ਨਾਲ 'ਸ਼ੌਬੀ' ਸਟੋਰ ਜਾ ਆਉਣਾ। ਆਪਣੇ ਬਿਸਕੁਟ, ਏਵਮ ਦੇ ਨੈਪੀ ਤੇ ਨੌਨ ਵੈਜ ਸਨੈਕਸ ਸਮੇਤ ਹੋਰ ਲੋੜੀਂਦੀ ਗਰੌਸਰੀ ਦੀ ਸ਼ੌਪਿੰਗ ਕਰ ਆਉਣਾ'।

'ਇੰਦੀ ਧੀਏ! ਖਰੀਦਦਾਰੀ ਤਾਂ ਵੱਡੇ, ਸਿਆਣੇ ਕਰਦੇ। ਏਡਾ ਮੁਸ਼ਕਿਲ ਕੰਮ ਨਿਕੜੀ ਜਿਹੀ ਸਾਡੀ ਈਲੀ ਕਿਵੇਂ ਕਰੇਗੀ'? ਈਲੀ ਦੀ ਦਾਦੀ ਨੇ ਉਸ ਦੀ ਅੰਮੀ ਨੂੰ ਪੁੱਛਿਆ।

'ਅੰਮੀਂ! ਬੇਸ਼ੱਕ ਈਲੀ ਛੋਟੀ ਹੈ ਤੇ ਇਕੱਲੀ ਸ਼ੋਪਿੰਗ ਕਰਨ ਨਹੀਂ ਜਾ ਸਕਦੀ ਪਰ ਤੁਸੀਂ ਵੱਡੇ ਤੇ ਸਿਆਣੇ ਈਲੀ ਨਾਲ ਸ਼ੌਪਿੰਗ ਕਰਨ ਜਾ ਰਹੇ ਹੋ', ਗੋਦੀ ਚ ਪਏ 'ਏਵਮ' ਨੂੰ ਸੁਵਾਉਣ ਲਈ ਥਾਪੜਦੀ ਈਲੀ ਦੀ ਅੰਮੀ ਨੇ ਕਿਹਾ।

'ਧੀਏ! ਹਜ਼ਾਰਾਂ ਕੋਹਾਂ ਦੂਰ ਕੈਨੇਡਾ ਵਰਗੇ ਨਵੇਂ ਕਿਸੇ ਦੇਸ਼ 'ਚ ਆਇਆ ਬੰਦਾ ਦੋ ਦਿਨਾਂ ਦੀ ਠਾਹਰ 'ਚ ਸ਼ੌਪਿੰਗ ਲਈ ਸਿਆਣਾ ਕਿਵੇਂ ਹੋ ਸਕਦਾ? ਕਦੀ ਟਾਈਮ ਲੱਗਾ ਤਾਂ ਈਲੀ ਦੇ ਨਾਲ ਤੂੰ ਆਪ ਚਲੀ ਜਾਈਂ ਜਾਂ ਇਸਦੇ ਪਾਪਾ ਨੂੰ ਭੇਜ ਦਿਆਂਗੇ। ਮੈਂ ਗਈ ਤਾਂ ਅਣਜਾਣੇ ਵਿਚ ਪੈਸੇ, ਧੇਲੇ ਦਾ ਨੁਕਸਾਨ ਹੋਜੂ', ਓਪਰੇ ਕਿਸੇ ਬਾਜ਼ਾਰ ਜਾਣ ਤੋਂ ਆਨਾਕਾਨੀ ਕਰਦੀ ਦਾਦੀ ਬੋਲੀ।

'ਅੰਮੀ! ਇੱਥੇ ਗਰੌਸਰੀ ਸਟੋਰਾਂ 'ਚ ਹਰ ਚੀਜ਼ ਦੇ ਰੇਟ ਬੜੇ ਰੀਜਨੇਬਲ ਹੁੰਦੇ ਤੇ ਥਾਂ, ਥਾਂ ਲਿਖੇ, ਛਪੇ ਹੁੰਦੇ। ਸ਼ੌਪਿੰਗ ਲਈ ਭਾਵੇਂ ਕੋਈ ਵੱਡਾ ਜਾਵੇ ਜਾਂ ਕੋਈ ਛੋਟਾ, ਰੇਟ ਸਭ ਲਈ ਬਰਾਬਰ ਹੁੰਦੇ। ਬਾਕੀ ਆਪੋ ਆਪਣੇ ਕੰਮਾਂ-ਕਾਰਾਂ ਵਿਚ ਬਿਜੀ ਇੱਥੋਂ ਦੇ ਲੋਕ ਨਾ ਕਿਸੇ ਦਾ ਲੌਸ ਕਰਦੇ, ਨਾ ਕਿਸੇ ਨਾਲ ਚੀਟਿੰਗ ਕਰਦੇ', ਈਲੀ ਦੀ ਅੰਮੀ ਨੇ ਦੱਸਿਆ।

ਦੁੱਧ ਪੀ ਕੇ ਈਲੀ ਆਪਣੀ ਅੰਮੀ ਕੋਲ ਚਲੀ ਗਈ। ਕਿਚਨ ਦੀਆਂ ਜ਼ਰੂਰੀ ਚੀਜ਼ਾਂ ਲਈ ਜੋ ਕੁਝ ਅੰਮੀ ਨੇ ਲਿਖਵਾਇਆ, ਸਭ ਡਾਇਰੀ ਦੇ ਪੇਜ ਉੱਤੇ ਲਿਖ ਲਿਆ। ਪਾਪਾ ਦੇ ਪਰਸ 'ਚੋਂ ਸ਼ੌਪਿੰਗ ਲਈ ਲੋੜੀਂਦੇ ਡਾਲਰ ਤੇ ਸੈਂਟ ਲਏ, ਝੋਲਾ ਫੜਿਆ ਤੇ ਦਾਦੀ ਕੋਲ ਜਾ ਕੇ ਆਖਣ ਲੱਗੀ, 'ਦਾਦੀ! ਛੇਤੀ ਉੱਠੋ, 'ਸਨੋਅ ਫਾਲ' ਹੋਣ ਤੋਂ ਪਹਿਲਾਂ ਪਹਿਲਾਂ ਆਪਾਂ 'ਸ਼ੌਬੀ' ਸਟੋਰ ਚੱਲੀਏ ਤੇ ਸ਼ੌਪਿੰਗ ਕਰ ਆਈਏ'।

'ਸ਼ੌਬੀ, ਲੌਬੀ ਕੀ ਹੁੰਦਾ'? ਈਲੀ ਦੇ ਮੂੰਹੋਂ ਓਪਰਾ ਜਿਹਾ ਨਾਂ ਸੁਣਕੇ ਹੱਸਦੀ ਹੋਈ ਦਾਦੀ ਨੇ ਪੁੱਛਿਆ।

'ਦਾਦੀ! ਟੋਰਾਂਟੋ ਵਿਚ ਲੌਂਗੋਜ, ਮੈਟਰੋ, ਨੋਫਰਿਲ, ਲੋਬਲਾਜ, ਹੀਜੀ ਮਾਰਟ, ਰਾਬਾ, ਟੋਨ ਟਾਈ, ਲੱਕੀ ਮਾਊਸ, ਫਰੈਸ਼ਕੋ, ਹਾਰਵੈਸਟ ਵੈਗਨ, ਡੌਲੋਰਾਮਾ ਤੇ ਫਾਰਮ ਫਰੈਸ਼ ਮੀਨਜ ਕਈ ਗਰੌਸਰੀ ਸਟੋਰ ਹੁੰਦੇ। ਲਾਈਟਾਂ ਵਾਲੇ ਪਹਿਲੇ ਚੌਂਕ ਦੇ ਲਾਗੇ 'ਸ਼ੌਬੀ' ਸਾਡੇ ਗਰੌਸਰੀ ਸਟੋਰ ਦਾ ਨਾਂ ਹੈ', ਈਲੀ ਬੋਲੀ ਤੇ ਦਾਦੀ ਦੀ ਉਂਗਲ ਫੜ ਬਾਹਰਲੇ ਦਰਵਾਜ਼ੇ ਵੱਲ ਤੁਰ ਪਈ।

ਘਰੋਂ ਬਾਹਰ ਨਿਕਲਣ ਤੋਂ ਪਹਿਲਾਂ ਦਾਦੀ ਤੇ ਪੋਤੀ ਨੇ ਠੰਡ ਅਤੇ 'ਸਨੋਅ ਫਾਲ' ਤੋਂ ਬਚਣ ਲਈ ਫਰ ਵਾਲੇ ਗਰਮ ਕੋਟ, ਜ਼ੁਰਾਬਾਂ ਤੇ ਬੂਟ ਪਾਏ। ਈਲੀ ਨੇ ਦਰਵਾਜ਼ੇ ਪਿੱਛੇ ਟੰਗਿਆ 'ਫੌਬ' ਲਿਆ ਤੇ ਲਿਫ਼ਟ ਵੱਲ ਨਿਕਲ ਤੁਰੀ।

'ਈਲੀ! ਇਹ ਚਾਬੀ ਤੇਰੇ ਸਕੂਟਰ ਦੀ ਹੋਣੀ'? ਈਲੀ ਦੇ ਪਿੱਛੇ ਪਿੱਛੇ ਦਰਵਾਜਿਉਂ ਬਾਹਰ ਨਿਕਲਦੀ ਦਾਦੀ ਨੇ ਪੁੱਛਿਆ।

'ਦਾਦੀ! ਇਹ ਕਿਸੇ ਸਕੂਟਰ ਦੀ ਚਾਬੀ ਨਹੀਂ, ਰਿਮੋਟ ਕੰਟਰੋਲਡ 'ਫੌਬ' ਹੈ। ਸਮਝੋ, ਇਹ ਲਿਫ਼ਟ ਦੀ ਚਾਬੀ ਹੁੰਦੀ। ਆਉਂਦਿਆ ਜਾਂਦਿਆ ਗਰਾਉਂਡ ਫਲੌਰ ਤੋਂ ਲਿਫ਼ਟ ਨੂੰ ਓਪਰੇਟ ਕਰਨ ਲਈ ਸਾਨੂੰ ਇਸ 'ਫੌਬ' ਦੀ ਲੋੜ ਹੁੰਦੀ। ਹੇਠੋਂ ਕਿਸੇ ਉੱਪਰਲੀ ਮੰਜ਼ਿਲ ਉੱਤੇ ਜਾਣਾ ਹੋਵੇ ਤਾਂ ਇਹ 'ਫੌਬ' ਹੀ ਲਿਫਟ ਦੇ 'ਟੱਚ ਪੁਆਇੰਟਸ' ਨੂੰ ਐਕਟੀਵੇਟ ਕਰਦਾ ਤੇ ਅਸੀਂ ਆਪਣੀ ਮੰਜ਼ਿਲ 'ਤੇ ਪੁੱਜਦੇ। ਇਸ ਫੌਬ ਤੋਂ ਬਗੈਰ ਆਪਣੀ ਮੰਜ਼ਿਲ 'ਤੇ ਪਹੁੰਚਣਾ ਬੜਾ ਔਖਾ ਹੁੰਦਾ। 'ਫੌਬ' ਕਿੱਧਰੇ ਗੁੰਮ ਗਵਾਚ ਜਾਏ ਤਾਂ ਇਮਾਰਤ ਦੀ ਗਰਾਉਂਡ ਫਲੌਰ ਉੱਤੇ ਬੈਠੇ 'ਰਿਸੈਪਸ਼ਨਿਸਟ' ਨਾਲ ਕੰਟੈਕਟ ਕਰਨਾ ਪੈਂਦਾ। ਫਿਰ ਉਸਦੀ ਹੈਲਪ ਨਾਲ ਹੀ ਆਪਣੀ ਮੰਜ਼ਿਲ ਉੱਤੇ ਪਹੁੰਚਿਆ ਜਾ ਸਕਦਾ", ਸਟੋਰ ਵੱਲ ਜਾਂਦਿਆਂ ਈਲੀ ਨੇ ਦਾਦੀ ਨੂੰ ਦੱਸਿਆ।

ਗੱਲਾਂ ਕਰਦਿਆਂ ਈਲੀ ਤੇ ਦਾਦੀ ਲਾਈਟਾਂ ਵਾਲਾ ਚੌਰਸਤਾ ਪਾਰ ਕਰਕੇ 'ਸ਼ੌਬੀ' ਸਟੋਰ ਪੁੱਜ ਗਏ। ਬਾਸਕਟ ਟਰਾਲੀ ਲੈ ਈਲੀ ਨੇ ਆਪਣੀ ਅੰਮੀ ਵਾਲੀ ਲਿਸਟ ਅਨੁਸਾਰ ਦਾਦੀ ਨਾਲ ਸ਼ੌਪਿੰਗ ਕੀਤੀ ਤੇ ਕੈਸ਼ ਕਾਊਂਟਰ 'ਤੇ ਆਣ ਖਲੋਤੀ। ਵਾਰੀ ਅਨੁਸਾਰ ਉਸਨੇ ਬਿਲਿੰਗ ਮਸ਼ੀਨ ਰਾਹੀਂ ਆਪਣੀਆਂ ਚੀਜ਼ਾਂ ਦਾ ਬਿੱਲ ਬਣਾਇਆ ਤੇ ਸੈਲਫ ਪੇਮੈਂਟ ਕਰਕੇ ਵਾਪਸ ਤੁਰ ਪਈ।

ਈਲੀ ਦਾ ਸ਼ੌਪਿੰਗ ਵਾਲਾ ਕਾਰਨਾਮਾ ਵੇਖ ਦਾਦੀ ਬੜੀ ਖੁਸ਼ ਹੋ ਰਹੀ ਸੀ। ਪਿੱਛੇ ਪਿੱਛੇ ਤੁਰੀ ਆਉਂਦੀ ਨੇ ਬੜੇ ਮਾਣ ਨਾਲ ਈਲੀ ਦੇ ਮੋਢੇ ਸਹਿਲਾਏ ਤੇ ਹੱਸਦੀ ਹੋਈ ਬੋਲੀ, 'ਦਾਦੀ ਦੀ ਪੜਦਾਦੀ'...

## "ਮੇਰੇ ਮਾਲਿਕ"




ਵਰਲਡ ਪੰਜਾਬੀ ਟਾਈਮਜ਼
ਹਰਗੁਣਪ੍ਰੀਤ ਕੌਰ ਖਾਲਸਾ

ਮਾਰਨ ਨੂੰ ਤਾਂ ਹਰ ਕੋਈ ਫਿਰਦਾ
ਮੇਰਾ ਸਾਹਿਬ ਕੱਲਾ ਮੈਨੂੰ ਬਚਾਉਣ ਵਾਲਾ
ਛੱਡ ਤੇ ਹਰ ਕੋਈ ਜਾਂਦਾ ਮਤਲਬ ਕੱਢਣ ਤੋਂ ਬਾਅਦ ,
ਪਰ ਮੇਰਾ ਮਾਲਿਕ ਕੱਲਾ ਮੈਨੂੰ ਹੱਥ ਫੜਾਉਣ ਵਾਲਾ
ਉਹਨੇ ਮੇਰਾ ਧਰਮ – ਜਾਤ ਕਦੇ ਪੁੱਛਿਆ ਨੀ
ਬਿਨਾ ਜਾਂਚੇ ਮੈਨੂੰ ਗੱਲ ਨਾਲ ਲਾ ਲਿਆ
ਉਹਨੇ ਮੇਰੀਆਂ ਖਾਮੀਆਂ ਨੂੰ ਵੀ ਨਜ਼ਰਅੰਦਾਜ਼ ਕਿੱਤਾ ,
ਤੇ ਮੈਨੂੰ ਨਿਮਾਣੀ ਜਿਹੀ ਨੂੰ ਵੀ ਆਪਣਾ ਲਿਆ
ਕਿਵੇਂ ਸਿਫਤ ਕਰਾਂ ਮੈਂ ਉਹਦੀ , ਉਹ ਅੰਤਰਜਾਮੀ ਸਭ ਕੁਝ ਜਾਣਦਾ ਹੈ
ਮੇਰੇ ਮਨ ਵਿੱਚ ਚਲ ਰਹੀ ਹਰ ਹਲਚਲ ਨੂੰ ਉਹ ਚੰਗੀ ਤਰ੍ਹਾਂ ਸਿਆਣਦਾ ਹੈ
ਇੱਕ ਉਹਦੇ ਅੱਗੇ ਹੀ ਤਾਂ ਮੇਰਾ ਸੀਸ ਆਕੇ ਝੁਕਦਾ ਹੈ
ਇੱਕ ਉਹਦੇ ਅੱਗੇ ਹੀ ਤਾਂ ਮੇਰਾ ਸੀਸ ਆਕੇ ਝੁਕਦਾ ਹੈ
ਮੇਰੇ ਮਾਲਿਕ ਮੇਰਾ ਸਭ ਕੁਝ ਤੇਰੇ ਤੇ ਆ ਮੁਕਦਾ ਹੈ ,,
ਮੇਰੇ ਮਾਲਿਕ ਮੇਰਾ ਸਭ ਕੁਝ ਤੇਰੇ ਤੇ ਆ ਮੁਕਦਾ ਹੈ
ਮੇਰੇ ਮਾਲਿਕ ਮੇਰਾ ਸਭ ਕੁਝ ਤੇਰੇ ਤੇ ਆ ਮੁਕਦਾ ਹੈ
ਇਕ ਤੇਰੇ ਤੇ ਆ ਮੁਕਦਾ ਹੈ